# ਅੰਮ੍ਰਿਤ ਕੀਰਤਨ


ਨਵੰਬਰ 2012




Source : graphics99.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਕ

ਕਿਸਮਤ ਅਤੇ ਨਸੀਬਾ ਖੁਲ੍ਹੇ,
ਤਦੋਂ ਹੀ ਰਬ ਨੂੰ ਪਾਸਾਂ ਹੂ।

ਉਸਦੇ ਦਰ ਤੇ ਸਿਜਦਾ ਕਰਸਾਂ,
ਡੰਡਵਤ ਹੁੰਦਾ ਜਾਸਾਂ ਹੂ।

ਜੇਕਰ ਬਿਨੈ ਕਬੂਲੇ ਮੇਰੀ,
ਸਿਮਰਾਂ ਨਾਲ ਸੁਆਸਾਂ ਹੂ।

ਮਿਹਰ ਕਰੇ ਸੰਤੋਖ ਜੇ ਸਾਂਈ,
ਭਵਸਾਗਰ ਤਰ ਜਾਸਾਂ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ<br>ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ<br>'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।<br>ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ



ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


# ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਜੈ ਤੇਗ ਸਿੰਘ ਅਨੰਤ 5

ਸ੍ਰੀ ਦਰਬਾਰ ਸਾਹਿਬ : ਕੀਰਤਨ ਪਰੰਪਰਾ
ਡਾ. ਜਸਬੀਰ ਸਿੰਘ ਸਾਬਰ 6

**ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ**
**ਡਾਕਟਰ ਜਾਗੀਰ ਸਿੰਘ** 10

**ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਕੀਰਤਨ ਭਗਤੀ**
**ਸੰਦੀਪ ਕੌਰ ਬਰਾੜ** 17

**संगीत के चिकित्सकीय आयाम**
**सरबजीत सिंह** **21**

**ROLE OF WOMEN IN USHERING A WORLD WITHOUT WAR**
**Harinder Durga** **25**

ਸੁਰ ਲਿਪੀ 26

# ✉ ਮਿਤ੍ਰ ਅਸਾਡੜੇ ਸੇਈ

ਅੰਮ੍ਰਿਤ ਕੀਰਤਨ ਪ੍ਰਤਿਕਾ ਰਾਹੀਂ ਆਪ ਗੁਰਮਤਿ ਕੀਰਤਨ ਪ੍ਰਚਾਰ ਦੇ ਯੋਗ ਵਿਚ ਜਿਸ ਤਨਦੇਹੀ ਨਾਲ ਜੁੜੇ ਹੋਏ ਹੋ ਉਹ ਸ਼ਾਬਦਿਕ ਉਪਮਾ ਤੋਂ ਪਰੇ ਹੈ। ਅਸੀਂ ਪਾਠਕ ਇਸ ਸਮੇਂ ਦੇ ਪ੍ਰਬੰਧਕੀ ਨਿਜ਼ਾਮ ਅੱਗੇ ਸਭ ਬਾਰ ਬਾਰ ਬੇਨਤੀ ਹੀ ਕਰ ਸਕਦੇ ਹਾਂ ਕਿ ਟੀ. ਵੀ. ਵਿਚ ਪ੍ਰਸਾਰਣ ਸਮੇਂ ਗੁਰਧਾਮਾਂ ਵਿਚ ਕੇਵਲ ਤੇ ਕੇਵਲ ਗੁਰਮਤਿ ਸੰਗੀਤ ਰੀਤ ਦਾ ਕੀਰਤਨ ਹੀ ਸੁਣਨ ਨੂੰ ਮਿਲੇ। ਇਸ ਸ਼ੁਰੂਆਤ ਨਾਲ ਹੀ ਅਸੀਂ ਉਸ ਗੁਰਮਤਿ ਮੁਕਾਮ ਵੱਲ ਕਦਮ ਵਧਾ ਸਕਦੇ ਹਾਂ ਜਿਸ ਤੋਂ ਪਿਛਲੇ ਦੋ ਦਹਾਕਿਆਂ ਵਿਚ ਅਸੀਂ ਹੇਠਾਂ ਨੂੰ ਫਿਸਲਦੇ ਆ ਰਹੇ ਹਾਂ। ਸਾਡੇ ਕੀਰਤਨੀਏ ਗੁਰਮਤਿ ਸੰਗੀਤ ਵਿਚ ਸਮਰੱਥ ਹੋਣ ਲਈ ਘੱਟ ਉਤਸ਼ਾਹੀ ਹਨ ਪਰ ਨੌਕਰੀ ਸ਼ਰਤਾਂ ਅਤੇ ਤਰੱਕੀ ਸ਼ਰਤਾਂ ਨਾਲ ਉਹਨਾਂ ਨੂੰ ਪ੍ਰੇਰਤ ਕਰਨਾ ਸਮੇਂ ਦੀ ਮੰਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਹਜ਼ੂਰ ਪੋਥੀ ਪਰਮੇਸ਼ਰ ਕਾ ਥਾਨੁ ਮੰਨ ਕੇ ਸਾਡੀ ਅਰਾਧਨਾ ਲਈ ਇਸ ਰਾਗ ਸੰਗੀਤ ਰੂਪ ਸ਼ਬਦ ਗੁਰੂ ਦੇਵ ਸਤਿਕਾਰ ਦੀ ਕੀਰਤਨ ਮਰਯਾਦਾ ਬਹਾਲ ਕਰਨੀ ਜ਼ਰੂਰੀ ਹੈ। ਹਰਿਮੰਦਰ ਸਾਹਿਬ ਤੋਂ ਬਗੈਰ ਗੁਰੂ ਧਾਮਾਂ ਵਿਚ ਗੁਰੂ ਮਾਨਿਯੋ ਗ੍ਰੰਥ ਅੱਗੇ ਕੱਚੀ ਬਾਣੀ ਗਾਇਨ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਿਧਰ ਲੈ ਜਾਂਦਾ ਹੈ? ਜਪੁਜੀ ਸਾਹਿਬ ਦਾ ਪਾਠ ਵੀ ਹੌਲੀ ਕਰਨ ਦੀ ਪਰੰਪਰਾ ਦੇਖੀ ਹੈ ਅੱਜ ਕਲ ਇਸ ਮੂਲ ਬਾਣੀ ਦੀਆਂ ਪਉੜੀਆਂ ਦਾ ਕੀਰਤਨ ਬੇਝਿਜਕ ਹੋ ਰਿਹਾ ਹੈ। ਗੁਰਬਾਣੀ ਕੀਰਤਨ ਦੀ ਸਾਡੇ ਕੋਲ ਹਜ਼ਾਰਾਂ ਸ਼ਬਦਾਂ ਦਾ ਭੰਡਾਰ ਹੈ। ਫੇਰ ਇਸ ਤਰ੍ਹਾਂ ਪਰੰਪਰਾਗਤ ਮਰਯਾਦਾ ਤੋੜਨ ਵਿਚ ਕਿਹੜੀ ਗੁਰਮਤ ਹੈ? ਕੀਰਤਨੀਏ ਸ਼ਬਦ ਕੰਠ ਕਰਨ ਦਾ ਅਭਿਆਸ ਕਰਕੇ ਰਾਜ਼ੀ ਨਹੀਂ। ਗੁਰਮਤਿ ਸੰਗੀਤ ਸਿੱਖ ਕੇ ਰਾਜ਼ੀ ਨਹੀਂ ਫੇਰ ਗੁਰੂ ਅੱਗੇ ਕੀ ਸਾਧਨਾ ਕਰਨਾ ਚਾਹੁੰਦੇ ਹਨ। ਅੱਜਕੱਲ ਵਾਹਿਗੁਰੂ-ਵਾਹਿਗੁਰੂ ਜਾਂ ਸਤਿਨਾਮ ਵਾਹਿਗੁਰੂ ਦਾ ਗਾਇਨ ਵਧਦਾ ਜਾ ਰਿਹਾ ਹੈ। ਗੁਰੂ ਮੰਤਰ ਗੁਪਤ ਹੁੰਦਾ ਹੈ ਤੇ ਗੁਪਤ ਜਪ ਕਰਦੇ ਸਮੇਂ ਰਸਨਾ ਵਰਤ ਕੇ ਆਵਾਜ਼ ਬਾਹਰ ਨਹੀਂ ਆਉਣੀ ਚਾਹੀਦੀ। ਧਰਤੀ ਵਿਚ ਦੱਬਿਆ ਬੀਜ ਹੀ ਉਗਦਾ ਹੈ ਬਾਹਰ ਪਏ ਬੀਜ ਨੂੰ ਚਿੜੀਆਂ ਚੁੱਗ ਲੈਂਦੀਆਂ ਹਨ ਜਾਂ ਕੀੜੇ ਖਾ ਲੈਂਦੇ ਹਨ। ਅਜਿਹਾ ਸਿਮਰਨ ਕਰਾਉਣ ਦਾ ਅਧਿਕਾਰ ਕਿਸ ਤੋਂ ਲੈਂਦੇ ਹਨ। ਆਪ ਤਾਂ ਸਥੂਲਤਾ ਤੋਂ ਸੂਖਮਤਾ ਵਿਚ ਪਹੁੰਚਣ ਲਈ ਸ਼ਬਦ ਕੀਰਤਨ ਦੇ ਰਾਜ ਮਾਰਗ ਤੇ ਚਲੋ। ਫੇਰ ਸਰੋਤੇ ਆਪਣੇ ਆਪ ਸਿਮਰਨ ਸੁੱਖ ਲੈ ਲੈਣਗੇ। ਇਹ ਸਿਮਰਨ ਪ੍ਰਦਰਸ਼ਨ ਗੁਰਮਤਿ ਪਰੰਪਰਾ ਨਾਲ ਮੇਲ ਨਹੀਂ ਖਾਂਦਾ।

ਕਰਤਾਰ ਸਿੰਘ ਨੀਲਧਾਰੀ, 162 ਏ, ਗ੍ਰੇਨ ਮਾਰਕੀਟ, ਮਧਿਅਮ ਮਾਰਗ, ਚੰਡੀਗੜ੍ਹ

My age is 86 yrs. I am retired principal Govt College (MP). I am an old kirtan fan of yours. Hope you are having all the blessings of your esteemed profession and hobbies. Looking forward to your achievements in all spheres you tread with the grace of waheguruji with respects

PS Chotalla, E-mail : pschotalla@gmail.com

As now you have made very excellent effort to put Amrit Kirtan Magazine online. Hence I request you to please stop sending it physically through postal mail.

E-mail : bhupindersingh@iolcp.com

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਜੈ ਤੇਗ ਸਿੰਘ ਅਨੰਤ

ਜੈ ਤੇਗ ਸਿੰਘ ਅਨੰਤ ਨਾਲ ਮੇਰੀ ਮੁਲਾਕਾਤ ਉਸ ਸਮੇਂ ਹੋਈ ਜਦੋਂ ਉਹ ਪੰਜਾਬ ਸਰਕਾਰ ਦੇ ਸਭਿਆਚਾਰਕ ਵਿਭਾਗ ਵਿੱਚ ਨੌਕਰੀ ਕਰਦੇ ਸਨ। ਪੰਜਾਬ ਦੇ ਸਭਿਆਚਾਰ ਦੇ ਵਧੀਆ ਪੱਖਾਂ ਦਾ ਪ੍ਰਚਾਰ ਪ੍ਰਸਾਰ ਕਰਨ ਦੀ ਲਗਨ ਉਹਨਾਂ ਦੇ ਮਨ ਵਿੱਚ ਵਿੱਚ ਉਦੋਂ ਵੀ ਸੀ। ਆਪ ਉੱਚ ਕੋਟੀ ਦੇ ਫੋਟੋਗ੍ਰਾਫਰ ਹਨ। ਆਪ ਨੇ ਕੁਝ ਤਸਵੀਰਾਂ ਤਿਆਰ ਕੀਤੀਆਂ ਅਤੇ ਉਹਨਾਂ ਦੀ ਨੁਮਾਇਸ਼ ਥਾਈਲੈਂਡ ਅਤੇ ਸਿੰਘਾਪੁਰ ਦੇ ਗੁਰਦੁਆਰਿਆਂ ਵਿੱਚ ਲਗਾਈ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਫਿਰ ਆਪ ਕਨੇਡਾ ਚਲੇ ਗਏ। ਉੱਥੇ ਜਾ ਕੇ ਆਪ ਨੇ ਸਾਹਿਤ ਅਤੇ ਸਭਿਆਚਾਰ ਸੇਵਾ ਵੱਲ ਮੁਹਾਰ ਮੋੜੀ। ਆਪ ਨੇ ਜਨ ਪਰਉਪਕਾਰੀ ਆਏ, ਸਿਰਦਾਰ, ਪੰਚਨਾਦ, ਸਭਿ ਅਵਗਣ ਮੈ, ਬੇਨਿਆਜ਼ ਹਸਤੀ ਉਸਤਾਦ ਦਾਮਨ (ਸ਼ਾਹਮੁਖੀ ਅਤੇ ਗੁਰਮੁਖੀ) ਮਹਿਕ ਸਮੁੰਦਰੋਂ ਪਾਰ , ਕਲਾ ਦੇ ਵਣਜਾਰੇ, ਰਾਗਮਾਲਾ ਦਰਪਣ, ਰਾਗਮਾਲਾ ਨਿਰਣਯ ਅਤੇ ਮਹੱਤਵਪੂਰਨ ਗ੍ਰੰਥ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਿਮਰਤੀ ਗ੍ਰੰਥ ਪੰਜਾਬੀ ਮਾਂ ਦੀ ਝੋਲੀ ਵਿੱਚ ਪਾਏ।

ਸੰਪਾਦਨਾ ਅਤੇ ਸੰਕਲਨ ਦੀ ਕਲਾ ਜੈ ਤੇਗ ਸਿੰਘ ਅਨੰਤ ਨੂੰ ਵਿਰਸੇ ਵਿੱਚ ਪ੍ਰਾਪਤ ਹੋਈ ਹੈ। ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ ਇਹਨਾਂ ਦੇ ਪਿਤਾ ਜੀ ਸਰਦਾਰ ਹਰਚਰਨ ਸਿੰਘ ਜੀ ਨੇ ਅੰਮ੍ਰਿਤ ਕੀਰਤਨ ਪੋਥੀ ਦਾ ਸੰਕਲਨ ਕੀਤਾ ਸੀ। ਇਹ ਪੋਥੀ ਕੀਰਤਨਕਾਰਾਂ ਲਈ ਇੱਕ ਮਹਾਂ ਯੰਤਰ ਹੈ। ਇਸ ਦਾ ਸੰਕਲਨ ਅਤੇ ਸੰਪਾਦਨਾ ਇਸ ਤਰੀਕੇ ਨਾਲ ਕੀਤੀ ਗਈ ਕਿ ਅਜੇ ਤਕ ਵੀ ਇਸ ਦਾ ਕੋਈ ਸਾਨੀ ਨਹੀਂ ਹੈ। ਇਸ ਪੋਥੀ ਉਪਰ ਸਰਦਾਰ ਹਰਚਰਨ ਸਿੰਘ ਜੀ ਨੇ ਆਪਣਾ ਨਾਮ ਵੀ ਨਹੀਂ ਦਿੱਤਾ ਅਤੇ ਇਹ ਪੋਥੀ ਉਹਨਾਂ ਨੇ ਅਰਪਣ ਕੀਤੀ ਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਜਿਹਨਾਂ ਨੂੰ ਪੰਥ ਸੋਨ ਚਿੜੀ ਦੇ ਨਾਮ ਨਾਲ ਯਾਦ ਕਰਦਾ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਸਿਮਰਤੀ ਗ੍ਰੰਥ ਜੈ ਤੇਗ ਸਿੰਘ ਅਨੰਤ ਦਾ ਸ਼ਾਹਕਾਰ ਗ੍ਰੰਥ ਹੈ। ਆਪ ਨੇ ਇਸ ਨੂੰ ਅਦੁੱਤੀ ਸ਼ਰਧਾ ਅਤੇ ਅਣਥਕ ਮਿਹਨਤ ਨਾਲ ਤਿਆਰ ਕੀਤਾ ਹੈ। ਇਹ ਗ੍ਰੰਥ ਆਪ ਦੀ ਛੇ ਸਾਲ ਦੀ ਨਿਰੰਤਰ ਮਿਹਨਤ ਦਾ ਸਿੱਟਾ ਹੈ। ਪੁਰਾਤਨ ਅਤੇ ਆਧੁਨਿਕ ਲੇਖਕਾਂ ਦੇ ਲੇਖਾਂ ਨੂੰ ਇਸ ਗ੍ਰੰਥ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਭਾਰਤ ਤੋਂ ਛੁੱਟ ਅਮਰੀਕਾ, ਕੈਨੇਡਾ, ਇੰਗਲੈਂਡ, ਪਾਕਿਸਤਾਨ ਵਿੱਚ ਉਹਨਾਂ ਦੇ ਸਮਕਾਲੀਆਂ ਤੋਂ ਭਾਈ ਸਾਹਿਬ ਦਾ ਖੁਰਾ ਖੋਜ ਲੱਭਣ ਦੇ ਸਿਰਤੋੜ ਯਤਨ ਕੀਤੇ ਗਏ। ਉਹਨਾਂ ਦੀਆਂ ਪੁਰਾਤਨ ਯਾਦਗਾਰਾਂ, ਸਮਾਰਕਾਂ ਦੇ ਫੋਟੋਗ੍ਰਾਫ ਇਸ ਗ੍ਰੰਥ ਵਿੱਚ ਸ਼ਾਮਲ ਕੀਤੇ ਗਏ। ਡਾਕਟਰ ਜਸਬੀਰ ਸਿੰਘ ਸਰਨਾਂ ਦੇ ਸ਼ਬਦਾਂ ਵਿੱਚ - ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਇਸ ਬੇਸ਼ਕੀਮਤੀ ਸਿਮਰਤੀ ਗ੍ਰੰਥ ਵਿੱਚ ਅਣਫੋਲੀਆਂ ਪਰਤਾਂ ਨੂੰ ਚਾਨਣ ਵਿੱਚ ਲਿਆ ਕੇ ਜੈ ਤੇਗ ਸਿੰਘ ਅਨੰਤ ਨੇ ਪੰਥਕ ਸਫਾਂ ਵਿੱਚ ਭਾਵਾਂ ਦੀ ਮਿਠਾਸ ਭਰ ਦਿੱਤੀ ਹੈ। ----ਅਸੀਂ ਅਨੰਤ ਜੀ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਵਧਾਈ ਦਿੰਦੇ ਹਾਂ।

# ਸ੍ਰੀ ਦਰਬਾਰ ਸਾਹਿਬ : ਕੀਰਤਨ ਪਰੰਪਰਾ

ਡਾ. ਜਸਬੀਰ ਸਿੰਘ ਸਾਬਰ, ਡਾਇਰੈਕਟਰ, ਪੱਤਰ ਵਿਹਾਰ ਕੋਰਸ
ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ

ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀਵੜਿਆਂ ਲਈ ਪਰਮਾਤਮਾ ਦਾ ਨਿਵਾਸ-ਸਥਾਨ, ਦੈਵੀ ਜੋਤ ਤੇ ਪ੍ਰਕਾਸ਼ ਦਾ ਬਸੇਰਾ ਹੈ। ਇਸ 'ਧਰਤਿ ਸੁਹਾਵੀਂ ਦਾ ਨਿਰਮਾਣ-ਕਾਰਜ, ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਰ-ਕਮਲਾਂ ਦੁਆਰਾ ਅਰੰਭਿਆ ਗਿਆ ਸੀ। ਨਗਰ ਨਿਰਮਾਣ-ਕਾਰਜ, ਸਿੱਖ ਗੁਰੂ ਸਾਹਿਬਾਨ ਨੂੰ ਵਿਰਸੇ ਵਿਚ ਪ੍ਰਾਪਤ ਸੀ। ਅੰਮ੍ਰਿਤਸਰ ਤੋਂ ਪੂਰਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨਗਰਾਂ ਦੀ ਉਸਾਰੀ ਕੀਤੀ।

ਇਸ ਰਮਣੀਕ ਅਸਥਾਨ 'ਤੇ 'ਤਾਲ' ਖੁਦਵਾਉਣ ਦਾ ਕਾਰਜ ਅਰੰਭਿਆ ਸ੍ਰੀ ਗੁਰੂ ਰਾਮਦਾਸ ਜੀ ਨੇ ਅਤੇ ਤਾਲ ਵਿਚ 'ਹਰਿਮੰਦਰ' ਸਜਾਉਣ ਦੀ ਨਿਰਾਲੀ ਯੋਜਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤੀ ਜਿਸ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਆਖਿਆ ਜਾਂਦਾ ਹੈ।

ਸ੍ਰੀ ਦਰਬਾਰ ਸਾਹਿਬ ਦੀ ਆਪਣੀ ਨਿਵੇਕਲੀ ਕੀਰਤਨ-ਪਰੰਪਰਾ ਹੈ। ਇਸ ਭਵਨ-ਕਲਾ ਦੀ ਉਸਾਰੀ ਦਾ ਮੰਤਵ ਕਿਸੇ ਕਲਾ-ਕ੍ਰਿਤੀ ਦੀ ਸਿਰਜਨਾ ਨਹੀਂ ਸਗੋਂ ਆਵੇਸ਼ ਵਿਚ ਉਚਾਰਨ ਕੀਤੀ ਸ਼ਬਦ-ਬਾਣੀ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਸੰਚਾਰਨਾ ਹੈ। ਪੂਰਵ ਮੱਧਕਾਲ ਵਿਚ ਵੀ ਅਮੂਰਤ ਬ੍ਰਹਮ ਦੀ ਉਪਾਸ਼ਨਾ ਹਿੱਤ ਸੰਗੀਤ, ਨਿੱਗਰ ਸੰਚਾਰ-ਜੁਗਤ ਵਜੋਂ ਪ੍ਰਵਾਨ ਸੀ। ਨਿਰਗੁਣ ਸਾਧਨਾ-ਪੱਧਤੀ ਵਿਚ ਨਾਮ ਸਿਮਰਨ ਅਥਵਾ ਸ਼ਬਦ ਸ੍ਰਵਣ ਸਮੇਂ ਸੰਗੀਤ ਮੁੱਖ ਭੂਮਿਕਾ ਨਿਭਾਉਂਦਾ ਹੈ। ਆਤਮਾ ਨੂੰ ਪਰਮ-ਸਤਿ ਨਾਲ ਜੋੜਨ ਲਈ ਸੰਗੀਤ ਦਾ ਮਹੱਤਵਪੂਰਨ ਰੋਲ ਹੈ ਕਿਉਂਕਿ ਇਹ ਦੁਨਿਆਵੀਂ ਪਦਾਰਥਕ ਰਸ ਦੇਣ ਦੀ ਥਾਂ ਵਿਸਮਾਦੀ ਰਸ ਦਿੰਦਾ ਹੈ। ਵਿਸਮਾਦ ਰਸ ਉਹਨਾਂ ਰਸਾਂ ਤੋਂ ਉੱਚਾ ਹੁੰਦਾ ਹੈ ਜੋ ਨਿਰੇ ਵਸਤੂ-ਸੰਸਾਰ ਦੀਆਂ ਵਸਤਾਂ ਦੀ ਭੋਗਤਾ ਤਕ ਸੀਮਤ ਹੁੰਦੇ ਹਨ। ਇਸ ਸੰਚਾਰ ਜੁਗਤ ਰਾਹੀਂ ਪੈਦਾ ਹੋਣ ਵਾਲਾ ਭਾਵ-ਸੰਚਾਰ, ਮਾਨਵ-ਹਿਰਦੇ ਦੀਆਂ ਧੁਰ ਅੰਦਰਲੀਆਂ ਤਾਰਾਂ ਸੁਰ ਕਰਨ ਦੇ ਸਮਰੱਥ ਹੁੰਦਾ ਹੈ। ਇਸ ਪਹੁੰਚ-ਵਿਧੀ ਰਾਹੀਂ ਪੈਦਾ ਹੋਈ ਮਨ ਦੀ ਇਕਾਗਰਤਾ ਹੀ ਮਨੁੱਖ ਨੂੰ ਵਸਤੂ-ਸੰਸਾਰ ਨਾਲੋਂ ਤੋੜ ਕੇ ਬ੍ਰਹਿਮੰਡੀ ਸੰਸਾਰ ਰੂਪੀ ਆਕਾਸ਼ ਦੀਆਂ ਉਡਾਰੀਆਂ ਲਾਉਣ ਦੇ ਯੋਗ ਬਣਾਉਂਦੀ ਹੈ।

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀਆਂ ਬਹੁਭਾਂਤੀ ਵਿਲੱਖਣ ਪਰੰਪਰਾਵਾਂ ਹਨ ਜਿਹਨਾਂ ਵਿਚੋਂ 'ਕੀਰਤਨ ਪਰੰਪਰਾ' ਗੁਰੂ ਸਾਹਿਬਾਨ ਦੀ ਮਹਾਨ ਦੇਣ ਹੈ। ਅਨੂਪ ਰਾਮਦਾਸਪੁਰ ਵਿਚ ਸਥਾਪਿਤ ਸਿੱਖੀ ਦੇ ਇਸ ਮਹਾਨ ਕੇਂਦਰ ਦੀ ਧਰਮ, ਦਰਸ਼ਨ ਅਤੇ ਸਾਹਿਤਕ ਦੇਣ ਸਿੱਖ ਵਿਦਵਾਨਾਂ ਦਾ ਅਧਿਐਨ ਦਾ ਕੇਂਦਰ-ਬਿੰਦੂ ਬਣੀ ਰਹੀ ਹੈ। ਸੰਗੀਤ ਖੇਤਰ ਵਿਚ ਇਸ ਦੀ ਵੱਖਰੀ ਪਹਿਚਾਣ ਕਾਰਨ ਵੱਖਰੀ ਪੱਧਤੀ ਸਥਾਪਿਤ ਨਹੀਂ, ਜੋ ਸੰਗੀਤਕਾਰ ਹਨ ਉਹ ਇਸ ਨੂੰ ਭਾਰਤੀ ਸੰਗੀਤ ਦੇ ਅੰਤਰਗਤ ਰੱਖਦਿਆਂ ਇਸ ਨੂੰ ਭਾਰਤੀ ਸੰਗੀਤ ਦਾ ਅੰਗ ਮੰਨ

ਕੇ ਗੌਣ ਰੂਪ ਪ੍ਰਦਾਨ ਕਰਨ ਦੀ ਵੱਡੀ ਭੁੱਲ ਕਰਦੇ ਹਨ। ਇਹ ਠੀਕ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ ਭਾਰਤੀ ਸੰਸਕ੍ਰਿਤੀ ਦਾ ਅਨੁਸਰਣ ਕਰਦੀ ਹੈ ਪਰ ਇਹ ਸ਼ਾਸਤਰੀ ਸੰਗੀਤ ਦੀਆਂ ਪਰਤਾਂ ਨੂੰ ਨਹੀਂ ਅਪਣਾਉਂਦੀ ਜੋ ਮਨੁੱਖ ਵਿਚ ਚੰਚਲਤਾ ਪੈਦਾ ਕਰ ਕੇ ਉਸ ਨੂੰ ਪਰਮਾਰਥ ਦੇ ਮਾਰਗ 'ਤੇ ਤੁਰਨ ਲਈ ਵਿਘਨਕਾਰੀ ਬਣਦੀਆਂ ਹੋਣ। ਇਥੇ ਸੰਗੀਤ ਕੇਵਲ ਕਲਾ-ਪ੍ਰਦਰਸ਼ਨੀ ਜਾਂ ਮਨ-ਪ੍ਰਚਾਵਾ ਨਹੀਂ ਸਗੋਂ ਪ੍ਰਭੂ-ਕੀਰਤੀ ਲਈ ਉਪਯੋਗੀ ਸਾਧਨ ਜਾਂ ਸੰਚਾਰ-ਜੁਗਤ, ਭਾਸ਼ਾ ਨੂੰ ਰਾਗਮਈ, ਨਾਦਮਈ ਤੇ ਲੈਆਤਮਿਕ ਰੂਪ ਪ੍ਰਦਾਨ ਕਰਦੀ ਹੈ। ਇਸੇ ਪ੍ਰਸੰਗ ਵਿਚ ਸ੍ਰ: ਕਪੂਰ ਸਿੰਘ ਦੀ ਧਾਨਰਾ ਦਰੁਸਤ ਹੈ ਕਿ ਸ੍ਰੀ ਗੁਰੂ ਨਾਨਕ ਸੰਗੀਤ ਦੱਖਣ ਦੇ ਸੰਗੀਤ ਸਕੂਲ ਤੋਂ ਵਧੇਰੇ ਪ੍ਰਭਾਵਤ ਹੈ। ਨਿਰਸੰਦੇਹ ਮੱਧਕਾਲ ਦੇ ਵਧੇਰੇ ਸੰਤਾਂ ਨੇ ਪਰਮਾਤਮਾ ਨਾਲ ਸਿੱਧਾ ਸੰਪਰਕ ਸਥਾਪਤ ਕਰਨ ਲਈ ਸੰਗੀਤ ਦੀ ਸੰਚਾਰ-ਜੁਗਤ ਨੂੰ ਅਪਣਾਇਆ ਪਰ ਉਹ ਇਸ ਧਾਰਮਿਕ ਸੰਗੀਤ ਨੂੰ ਸੰਸਥਾਗਤ ਰੂਪ ਨਹੀਂ ਦੇ ਸਕੇ। ਇਸ ਖੇਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਦੇਣ ਹੈ: ਗੁਰਮਤਿ ਸੰਗੀਤ। ਅੱਜ ਇਹੋ ਗੁਰਮਤਿ ਸੰਗੀਤ ਦਾ ਨਾਦ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਵਾਤਾਵਰਨ ਵਿਚ ਬਾਣੀ ਦੀ ਅੰਮ੍ਰਿਤ ਵਰਖਾ ਕਰਦਿਆਂ ਬ੍ਰਹਮ-ਸੰਦੇਸ਼ ਸੰਚਾਰਦਾ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ ਦੇ ਹੇਠ ਲਿਖੇ ਮੁੱਖ ਨੁਕਤੇ ਉਜਾਗਰ ਹੁੰਦੇ ਹਨ:

1. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਗੁਰਮਤਿ ਸੰਗੀਤ' ਪੱਧਤੀ ਅਨੁਸਾਰੀ ਹੈ। ਗੁਰੂ ਸਾਹਿਬਾਨ ਨੇ ਇਸੇ ਸੰਗੀਤ ਨੂੰ 'ਸ਼ਬਦ ਕੀਰਤਨ' ਦੀ ਸੰਗਯਾ ਦੇ ਕੇ ਇਸ ਨੂੰ ਨਵੇਂ ਅਰਥਾਂ ਦੇ ਸੰਦਰਭ ਵਿਚ ਰੱਖ ਕੇ ਨਵੇਂ ਮੁਹਾਵਰੇ ਵਿਚ ਪੇਸ਼ ਕਰਦਿਆਂ ਇਸ ਨੂੰ ਵਿਗਿਆਨਕ ਰੂਪ ਪ੍ਰਦਾਨ ਕੀਤਾ। ਇਹੋ ਕਾਰਨ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਕੀਰਤਨ ਗੁਰੂ ਨਾਨਕ-ਕਾਲ ਤੋਂ ਭਾਈ ਮਰਦਾਨੇ ਦੀ ਰਬਾਬ ਦੀ ਮਿੱਠੀ ਸੁਰ ਅਤੇ ਇਲਾਹੀ ਬਾਣੀ ਨਾਲ ਆਰੰਭ ਹੋਏ ਕੀਰਤਨ ਦਾ ਪਾਸਾਰ ਹੈ। ਭਾਈ ਮਰਦਾਨਾ ਜੀ ਦੇ ਰਬਾਬੀ ਸ਼ਿਸ਼ ਭਾਈ ਬਾਦੂ ਜੀ ਤੇ ਭਾਈ ਦਾਦੂ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਰਾਹੀਂ ਬਾਣੀ ਸੰਦੇਸ਼ ਸੰਚਾਰਦੇ ਰਹੇ। ਇਹਨਾਂ ਦੇ ਹੀ ਸਪੁੱਤਰ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦੇ ਰਹੇ।
2. ਸ੍ਰੀ ਹਰਿਮੰਦਰ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਕਰਨ ਵਾਲਾ ਪਹਿਲਾ ਰਬਾਬੀ ਜਥਾ ਭਾਈ ਸੱਤਾ ਤੇ ਭਾਈ ਬਲਵੰਡ ਜੀ ਦਾ ਸੀ।
3. ਇਥੋਂ ਦੇ ਕੀਰਤਨ ਦਾ ਸੰਚਾਰ-ਰੂਪ, ਸੰਚਾਰ-ਸੁਭਾਅ, ਸੰਚਾਰ-ਪ੍ਰਭਾਵ ਅਤੇ ਸੰਚਾਰ-ਮੰਤਵ ਬ੍ਰਹਮ-ਕੇਂਦਰਤ ਹੈ। ਇਹ ਮਨ ਪ੍ਰਚਾਵਾ ਨਹੀਂ ਸਗੋਂ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦਾ ਸਾਧਨ ਹੈ।
4. ਇਸ ਕੀਰਤਨ ਦਾ ਆਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ 'ਧੁਰ ਕੀ ਬਾਣੀ' ਦੇ ਗੁਹਜ ਅਰਥ-ਭਾਵ ਪ੍ਰਗਟਾਉਣ ਵਾਲੀਆਂ ਭਾਈ ਗੁਰਦਾਸ ਜੀ ਦੀਆਂ ਵਾਰਾਂ, ਦਸਮ ਗੁਰੂ ਜੀ ਦੀ ਅਧਿਆਤਮਕ ਰਚਨਾ ਅਤੇ ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ ਹਨ।
5. ਇਥੋਂ ਦਾ ਗਾਵਣਹਾਰਾ (ਰਾਗੀ) ਨਾ ਸ਼ਬਦ ਭੇਟ ਦੀ ਅਰਦਾਸ ਕਰ ਸਕਦਾ ਹੈ, ਨਾ ਵਿਆਖਿਆ ਅਤੇ ਨਾ ਹੀ ਸਟੇਜਾਂ ਵਾਂਗ ਕੋਈ ਸੂਚਨਾ ਹੀ ਦੇ ਸਕਦਾ ਹੈ।
6. ਇਥੇ ਗੁਰਬਾਣੀ ਕੀਰਤਨ, ਅਰਦਾਸ ਅਤੇ ਮਹਾਂਵਾਕ ਤੋਂ ਛੁੱਟ ਕਿਸੇ ਪ੍ਰਕਾਰ ਦਾ ਬਚਨ-ਬਿਲਾਸ ਨਹੀਂ ਕੀਤਾ ਜਾ ਸਕਦਾ।
7. ਸ੍ਰੀ ਦਰਬਾਰ ਸਾਹਿਬ ਦੀ ਕੀਰਤਨ-ਪਰੰਪਰਾ ਮਨੁੱਖ ਨੂੰ ਹਲਤ ਸੁਖ, ਪਲਤ ਸੁਖ ਅਤੇ ਅਧਿਆਤਮਕ

ਆਨੰਦ ਪ੍ਰਦਾਨ ਕਰਨ ਵਾਲੀ ਹੈ, ਭਾਵ ਸਤ ਚਿਤ-ਆਨੰਦ ਦੀ ਪ੍ਰਤੀਕ ਹੈ।

8. ਇਹ ਕੀਰਤਨ ਪਰੰਪਰਾ ਸੰਗੀਤ ਦੇ ਤਕਨੀਕੀ ਪੱਖ ਨਾਲੋਂ ਸ਼ਬਦ ਦੇ ਭਾਵ ਅਰਥ ਅਤੇ ਦਾਸ਼ਨਿਕ ਮੰਤਵ ਨੂੰ ਪ੍ਰਾਥਮਿਕਤਾ ਦੇਣ ਵਾਲੀ ਹੈ।

9. ਇਸ ਕੀਰਤਨ-ਪਰੰਪਰਾ ਅਧੀਨ ਰਾਗ ਚੋਣ, ਵਿਸ਼ੇ ਦੇ ਪ੍ਰਗਟਾਉ ਅਨੁਕੂਲ ਕੀਤੀ ਜਾਂਦੀ ਹੈ। ਸਾਡੇ ਅੱਜੋਕੇ ਕੀਰਤਨੀਆਂ ਨੂੰ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਕੀਰਤਨ-ਪਰੰਪਰਾ ਅਧੀਨ ਕੀਰਤਨਕਾਰ ਨੂੰ ਇਕੋਂ ਸਮੇਂ ਦਰਸ਼ਨਕਾਰ, ਸੰਗੀਤਕਾਰ ਅਤੇ ਇਤਿਹਾਸਕਾਰ ਹੋਣਾ ਲੋੜੀਂਦਾ ਹੈ ਤਾਂ ਜੋ ਉਹ ਸ਼ਬਦ ਦਾ ਭਾਵਸੰਚਾਰ ਉਸੇ ਪਰਿਪੇਖ ਵਿਚ ਕਰ ਸਕੇ ਜਿਸ ਵਿਚ ਉਸ ਦੀ ਪ੍ਰਸੰਗਿਕਤਾ ਉਜਾਗਰ ਹੋਵੇ। ਇਸ ਮੰਤਵ-ਕਾਰਜ ਸਿੱਧੀ ਲਈ ਕੀਰਤਨਕਾਰ ਵਿਚ ਨਿਮਰਤਾ ਅਤੇ ਦਇਆ ਵਰਗੇ ਸ਼ੁਭ ਗੁਣ ਹੋਣੇ ਚਾਹੀਦੇ ਹਨ।

10. ਇਸ ਕੀਰਤਨ-ਪਰੰਪਰਾ ਅਧੀਨ ਪ੍ਰਾਥਮਿਕਤਾ ਸ਼ਬਦ-ਭਾਵ ਦੇ ਸੰਚਾਰ ਦੀ ਰੱਖੀ ਜਾਂਦੀ ਹੈ ਅਤੇ ਸੰਗੀਤ ਸ਼ਬਦ ਦੇ ਭਾਵ ਸੰਚਾਰ ਲਈ ਸਹਾਇਕ ਵਜੋਂ ਕਾਰਜਸ਼ੀਲ ਰਹਿੰਦਾ ਹੈ ਕਿਉਂਕਿ ਇਥੇ ਸੰਗੀਤ, ਕਲਾ-ਪ੍ਰਦਰਸ਼ਨ ਦਾ ਸਾਧਨ ਨਹੀਂ, ਬ੍ਰਹਮ ਨਾਲ ਜੁੜਨ ਦੀ ਜੁਗਤ ਹੈ।

11. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਚ 'ਕੀਰਤਨ ਚੌਕੀਆਂ' ਦੀ ਪਰੰਪਰਾ ਹੈ। ਚੌਕੀ ਦਾ ਸੰਬੰਧ ਕੀਰਤਨ ਦੇ ਚਾਰ ਅੰਗਾਂ ਨਾਲ ਹੈ, ਜਿਸ ਲਈ ਕੀਰਤਨੀ ਜੱਥੇ ਵਿਚ ਘੱਟੋ ਘੱਟ ਚਾਰ ਰਾਗੀਆਂ ਦੀ ਸ਼ਮੂਲੀਅਤ ਹੋਣੀ ਚਾਹੀਦੀ ਹੈ। ਇਸ ਦੇ ਅਰੰਭ ਵਿਚ ਸਾਜ਼ ਉੱਤੇ ਸੁਰ ਨਾਲ ਸ਼ਾਨ ਜਾਂ ਲਹਿਰਾ ਵਜਾਇਆ ਜਾਂਦਾ ਹੈ ਅਤੇ ਤਾਲ ਦੇਣ ਵਾਲਾ ਤਬਲਾ ਜਾਂ ਮਿਰਦੰਗ ਵਜਾ ਕੇ ਸੰਗੀਤਮਈ ਮਾਹੌਲ ਤਿਆਰ ਕਰਦਾ ਹੈ। ਉਪਰੰਤ ਵੱਡੇ ਖਿਆਲ ਦੀ ਗਾਇਨ-ਸ਼ੈਲੀ ਦੇ ਅੰਤਰਗਤ ਸਮੇਂ ਅਨੁਸਾਰ ਨਿਰਧਾਰਤ ਰਾਗ ਵਿਚ 'ਡੰਡਉਤ ਬੰਦਨਾ' ਜਾਂ 'ਮੰਗਲਚਰਨ' ਵਜੋਂ ਕੋਈ ਸ਼ਬਦ ਗਾਇਨ ਕਰਦਿਆਂ ਚਾਰ ਤਾਲ ਦਾ ਠੇਕਾ ਲਗਾਇਆ ਜਾਂਦਾ ਹੈ। ਮੰਗਲਾਚਰਨ ਤੋਂ ਪਿੱਛੋਂ ਪਰੰਪਾਰਗਤ ਸੰਗੀਤ ਦੀਆਂ ਗਾਇਨ-ਸ਼ੈਲੀਆਂ ਧਰੁਪਦ, ਪੜਤਾਲ ਆਦਿ ਬਿਖੜੇ ਤਾਲਾਂ ਵਿਚ ਪ੍ਰਦਰਸ਼ਤ ਕਰਨ ਉਪਰੰਤ ਕੋਈ ਸੁਗਮ ਰੀਤ ਗਾਈ ਜਾਂਦੀ ਹੈ।ਚੌਂਕੀ ਦੀ ਸਮਾਪਤੀ, ਸਮੇਂ ਦੇ ਰਾਗ ਅਨੁਸਾਰ ਕੋਈ ਸਲੋਕ ਜਾਂ ਵਾਰ ਗਾਇਨ ਕਰ ਕੇ ਕੀਤੀ ਜਾਂਦੀ ਹੈ। ਸੰਗੀਤ-ਕਲਾ ਵਿਚ ਨਿਪੁੰਨ ਰਾਗੀ ਜੱਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਚ ਹਰ ਚੌਂਕੀ ਇਸੇ ਤਰ੍ਹਾਂ ਆਰੰਭ ਕਰਦੇ ਹਨ।

12. ਇਥੇ ਕੀਰਤਨ ਸਮੇਂ ਅਜਿਹੇ ਸਾਜ਼ ਨਹੀਂ ਵਜਾਏ ਜਾਂਦੇ ਹਨ ਜੋ ਮਨ ਬਿਰਤੀਆਂ ਇਕਾਗਰ ਕਰਨ ਵਾਲੇ ਨਾ ਹੋਣ ਅਤੇ ਸ਼ਬਦ ਦੇ ਭਾਵ-ਸੰਚਾਰ ਦੀ ਥਾਂ ਆਪਣੇ ਸੰਗੀਤਕ ਤੱਤਾਂ ਨੂੰ ਹੀ ਉਭਾਰਨ। ਮੂੰਹ ਦੇ ਸਾਜ਼ ਵੀ ਇਸੇ ਲਈ ਨਹੀਂ ਵਜਾਏ ਜਾਂਦੇ। ਮੂੰਹ ਕੇਵਲ ਬਾਣੀ ਉਚਾਰਨ ਦਾ ਸਰੋਤ ਮੰਨਿਆ ਜਾਂਦਾ ਹੈ।

13. ਇਥੇ ਰਬਾਬ ਦੇ ਨਾਲ ਸਾਰਿੰਦਾ, ਤਾਊਸ, ਦਿਲਰੁਬਾ, ਵਾਇਲਨ ਆਦਿ ਤੰਤੀ ਸਾਜ਼ ਤਾਂ ਵਜਾਏ ਜਾਂਦੇ ਹਨ ਪਰ ਸਾਰੰਗੀ ਆਦਿ ਵਜਾਉਣ ਦੀ ਆਗਿਆ ਨਹੀਂ। ਇਹ ਸਾਜ ਭਾਵੇਂ ਸੁਰੀਲਾ ਹੈ ਪਰ ਆਪਣੀ ਭਰਵੀਂ ਆਵਾਜ਼ ਕਾਰਨ ਸਹਿਜ ਭਾਵ ਨੂੰ ਕਾਇਮ ਰੱਖਣ ਵਿਚ ਅਸਮਰੱਥ ਹੈ। ਅਰੰਭ ਵਿਚ ਢਾਡੀ ਵੀ ਸਾਰੰਗੀ ਦੀ ਥਾਂ ਸਾਰਿੰਦਾ ਸਾਜ਼ ਦੀ ਵਰਤੋਂ ਕਰਿਆ ਕਰਦੇ ਸਨ ਜਿਸ ਦੀ ਸੁਰ ਬਰੀਕ ਤੇ ਮਿੱਠੀ ਹੁੰਦੀ ਸੀ। ਪਰ ਅੱਜਕੱਲ ਢਾਡੀਆਂ ਜਥਿਆਂ ਵੱਲੋਂ ਸਾਰੰਗੀ ਦੀ ਹੀ ਵਰਤੋਂ ਕੀਤੀ ਜਾਂਦੀ ਹੈ ਜੋ ਆਪਣੀ ਖਾੜਕੂ ਸ਼ੈਲੀ ਕਾਰਨ ਬੀਰ-ਰਸ ਪੈਦਾ ਕਰਦੀ ਹੈ।

14. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ ਵਿਚ ਨਿਰਤ-ਕਲਾ ਨੂੰ ਅਪ੍ਰਵਾਨ ਕੀਤਾ ਗਿਆ ਹੈ, ਭਾਵੇਂ ਕਿ ਇਸ ਨੂੰ ਭਗਤੀ-ਸੰਗੀਤ ਦਾ ਅੰਗ ਮੰਨਿਆ ਗਿਆ ਹੈ। ਇਹ ਇਸ ਲਈ ਹੈ ਕਿਉਂਕਿ ਨਿਰਤ-ਕਲਾ ਵਿਚ ਅੰਤ੍ਰੀਵ ਭਾਵਾਂ ਦਾ ਘੱਟ ਤੇ ਨਿਰਤਕਾਰ ਦੇ ਬਾਹਰਮੁਖੀ

ਹਾਵ-ਭਾਵ ਮੁਦਰਾਵਾਂ ਤੇ ਉਸ ਦੇ ਰੂਪ ਦਾ ਪ੍ਰਭਾਵ ਵਧੇਰੇ ਹੁੰਦਾ ਹੈ।ਇਹ ਵਿਧੀ ਮਾਨਵਮਨ ਨੂੰ ਪਰਮਾਤਮਾ ਨਾਲ ਜੋੜਨ ਦਾ ਜਾਂ ਆਤਮਵਿਲੀਨਤਾ ਵਿਚ ਸਹਾਇਕ ਹੋਣ ਨਾਲੋਂ ਵਿਘਟਕਾਰੀ ਵਧੇਰੇ ਬਣਦੀ ਹੈ।

15. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਪੁਰਾਣੇ ਕੀਰਤਨੀਏ, ਸੰਗੀਤ ਦੇ ਗਾਇਨ ਉਸਤਾਦਾਂ ਪਾਸੋਂ ਬੜੀ ਮਿਹਨਤ ਅਤੇ ਲਗਨ ਨਾਲ ਵਿੱਦਿਆ ਹਾਸਲ ਕਰਦੇ ਸਨ। 'ਕੂਚਾ ਰਬਾਬੀਆਂ' ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਇਥੋਂ ਦੇ ਗਾਇਕਾਂ ਨਾਲ ਦੇਸ਼ ਦੇ ਪ੍ਰਸਿੱਧ ਗਾਇਕ ਮੁਕਾਬਲਾ ਕਰਨ ਤੋਂ ਝਿਜਕਦੇ ਹਨ।

16. ਬਸੰਤ ਰਾਗ ਗਾਉਣ ਦੀ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦੀ ਵਿਲੱਖਣ ਪਰੰਪਰਾ ਹੈ। ਇਹ ਲੋਹੜੀ ਵਾਲੇ ਦਿਨ ਰਾਤ 9 ਵਜੇ ਬਾਕਾਇਦਾ ਅਰਦਾਸ ਕਰਕੇ ਆਰੰਭ ਕੀਤਾ ਜਾਂਦਾ ਹੈ। ਅਰਦਾਸ ਉਪਰੰਤ : ਮਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ (ਅੰਗ ੧੧੯੮)

ਸ਼ਬਦ ਗਾਇਨ ਕੀਤਾ ਜਾਂਦਾ ਹੈ। ਇਸ ਦਿਨ ਤੋਂ ਹਰ ਕੀਰਤਨ ਚੌਂਕੀ ਇਸੇ ਰਾਗ ਅਧੀਨ ਅਰੰਭ ਹੁੰਦੀ ਹੈ ਅਤੇ ਸਮਾਪਤੀ ਭੀ ਇਸੇ ਰਾਗ ਦੇ ਅੰਤਰਗਤ ਕੀਤੀ ਜਾਂਦੀ ਹੈ। ਇਹ ਪ੍ਰਕਿਰਿਆ ਹੋਲੇ ਮਹੱਲੇ ਵਾਲੇ ਦਿਨ ਤਕ ਨਿਰੰਤਰ ਜਾਰੀ ਰਹਿੰਦੀ ਹੈ ਅਤੇ ਉਸ ਦਿਨ ਆਸਾ ਦੀ ਚੌਂਕੀ ਦੀ ਅਰਦਾਸ ਸਮੇਂ ਬਸੰਤ ਰਾਗ ਗਾਉਣ ਦੀ ਸਮਾਪਤੀ ਦੀ ਅਰਦਾਸ ਕਰਕੇ ਇਸ ਦਾ ਗਾਇਨ ਸਮੇਟ ਲਿਆ ਜਾਂਦਾ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਇਹ ਵਿਲੱਖਣ ਕੀਰਤਨ-ਪਰੰਪਰਾ, ਪ੍ਰਭੂ ਨਾਲੋਂ ਵਿਛੜੀਆਂ ਰੂਹਾਂ ਨੂੰ ਮੇਲਣ ਤੇ ਟੁੱਟੀਆਂ ਸੁਰਤਾਂ ਨੂੰ ਜੋੜਨ ਅਤੇ ਮਾਨਵ-ਮਨ ਨੂੰ ਸੰਸਾਰਕ-ਮੰਡਲ ਨਾਲੋਂ ਤੋੜ ਅਧਿਆਤਮਿਕ ਮੰਡਲ ਨਾਲ ਜੋੜਨ ਦਾ ਉੱਤਮ ਸਾਧਨ ਹੈ। ਇਹ ਸਾਧਨ ਜਮਦੂਤਾਂ ਤੇ ਮੌਤ ਦਾ ਭੈਅ ਅਤੇ ਖੋਟੀ ਮੱਤ ਨਾਸ ਕਰਨ ਵਾਲਾ ਹੈ। ਇਸ ਪਰੰਪਰਾ ਨੇ ਨਾ ਕੇਵਲ ਭਾਰਤੀ ਸੰਗੀਤ ਦੀਆਂ ਮੁਢਲੀਆਂ ਤੇ ਸਾਂਸਕ੍ਰਿਤਕ ਪਰੰਪਰਾਵਾਂ ਨੂੰ ਹੀ ਜ਼ਿੰਦਾ ਰੱਖਿਆ, ਸਗੋਂ ਇਸ ਦੀਆਂ ਗਾਇਨ ਤੇ ਵਾਦਕ ਸ਼ੈਲੀਆਂ ਵਿਚ ਸੁਚਾਰੂ ਤਰਮੀਮਾਂ ਕਰਦਿਆਂ ਇਸ ਦੇ ਭਾਵ-ਸੰਚਾਰ ਨੂੰ ਬ੍ਰਹਮ-ਕੇਂਦਰਤ ਬਣਾ ਕੇ 'ਗੁਰਮਤਿ ਸੰਗੀਤ' ਦੀ ਇਕ ਨਿਵੇਕਲੀ ਤੇ ਮੌਲਿਕ ਪੱਧਤੀ ਦੀ ਸਿਰਜਨਾ ਕੀਤੀ ਹੈ। ਇਸ ਬੁਨਿਆਦੀ ਅਮੀਰ ਵਿਰਸੇ ਨੂੰ ਪਵਿੱਤਰ, ਵਿਕਸਤ ਅਤੇ ਸੁਰਜੀਤ ਰੱਖਣਾ ਸਮੇਂ ਦੀ ਲੋੜ ਹੈ।

ਧੰਨਵਾਦ ਸਹਿਤ 'ਸਾਡਾ ਵਿਰਸਾ ਸਾਡਾ ਗੌਰਵ' ਵਿਚੋਂ

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਰਬਾਬੀ ਭਾਈ ਬਲਵੰਡ ਅਤੇ ਭਾਈ ਸੱਤਾ

## ਡਾਕਟਰ ਜਾਗੀਰ ਸਿੰਘ

ਭਾਈ ਸੱਤਾ ਅਤੇ ਭਾਈ ਬਲਵੰਡ ਰਬਾਬੀ ਦਾ ਨਾਂ ਸਿੱਖ ਜਗਤ ਵਿੱਚ ਬੜਾ ਚਰਚਿਤ ਹੈ। ਆਪ ਗੁਰੂ ਘਰ ਦੇ ਅਨਿੰਨ ਕੀਰਤਨੀਏ ਸਨ। ਸਿੱਖ ਇਤਿਹਾਸ ਅਨੁਸਾਰ ਭਾਈ ਬਲਵੰਡ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਤਕ ਕੀਰਤਨ ਦੀ ਸੇਵਾ ਕੀਤੀ। ਆਪ ਵੱਲੋਂ ਰਾਗ ਰਾਮਕਲੀ ਵਿੱਚ ਰਚੀ ਵਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਹੈ। ਸਿੱਖ ਜਗਤ ਇਸ ਵਾਰ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਵਾਰ ਵਿੱਚ ਗੁਰ ਇਤਿਹਾਸ ਨਾਲ ਸਬੰਧਤ ਕਈ ਮਹੱਤਵਪੂਰਨ ਵੇਰਵੇ ਮਿਲਦੇ ਹਨ। ਇਸ ਵਾਰ ਬਾਰੇ ਸਿੱਖ ਜਗਤ ਵਿੱਚ ਇਹ ਵੀ ਰਵਾਇਤ ਹੈ ਕਿ ਇਸ ਵਾਰ ਦੇ ਵਾਰ ਵਾਰ ਪਾਠ ਕਰਨ ਨਾਲ ਸਰੀਰਕ ਕਸ਼ਟ ਦੂਰ ਹੁੰਦੇ ਹਨ।

ਬਲਵੰਡ ਰਬਾਬੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਨਾਲ ਭੇਜਿਆ। ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ –

ਬਲਵੰਡ ਰਬਾਬੀ ਤੁਮ ਸੰਗ ਜਾਵੈ॥
ਸਮੇ ਸਮੇ ਹਰਿ ਕੀਰਤਨ ਗਾਵੈ॥[1---13]
ਭਾਈ ਸੰਤੋਖ ਸਿੰਘ ਅਨੁਸਾਰ ਭਾਈ ਸੱਤਾ ਵੀ ਬਲਵੰਡ ਨਾਲ ਕੀਰਤਨ ਕਰਦਾ ਸੀ–
ਹੁਤੋ ਡੂਮ ਬਲਵੰਡ ਮਹਾਨਾ॥
ਸਤਾ ਤਿਸਕੋ ਅਨੁਜ ਸੁਜਾਨਾ॥2---14

ਇਤਿਹਾਸ ਵਿੱਚ ਅਜਿਹਾ ਭੀ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਲਵੰਡ ਰਬਾਬੀ ਦੀ ਸੰਭਾਲ ਲਈ ਵਿਸ਼ੇਸ਼ ਆਦੇਸ਼ ਵੀ ਦਿੱਤਾ ਕਿ ਇਸ ਦੀ ਸੰਭਾਲ ਇਸ ਤਰ੍ਹਾਂ ਕਰਨੀ ਹੈ ਜਿਵੇਂ ਬੱਤੀ ਦੰਦਾਂ ਵਿੱਚ ਜੀਭ ਰੱਖੀਦੀ ਹੈ।

ਬਲਵੰਡ ਰਬਾਬੀ ਸਤਿਗੁਰ ਦੇ ਸਨਮੁਖ ਬਹੈ।
ਚੌਂਕੀ ਸਬਦ ਸੁਨਾਇ ਸਦਾ ਸੁਖ ਮੋ ਰਹੈ।
ਗੁਰ ਬਾਬੇ ਕਹੀ ਸੁ ਪਾਸ ਇਸੇ ਇਮ ਰਾਖੀਐ।
ਹੋ ਜਿਮ ਦਾਤਨ ਮੋ ਜੀਭ ਵਚਨ ਸਭ ਭਾਖੀਐ।[3]

ਮਹਿਮਾ ਪ੍ਰਕਾਸ਼ (ਵਾਰਤਕ) ਵਿੱਚ ਲਿਖਿਆ ਹੈ–ਬਲਵੰਡ ਮੇਰਾ ਰਬਾਬੀ ਹੈ। ਇਸ ਕੋ ਨਾਲ ਲੈ ਜਾਈਐ। ਤੁਸਾਡੇ ਰੋਬਰੋ (ਰੂਬਰੂ) ਸਬਦ ਕੀ ਚਉਕੀ ਕਰੇਗਾ। ਇਸ ਕੋ ਇਉ ਰਖਨਾ ਜਿਉ ਦੰਦਾ ਮੇ ਜੀਭ ਰਹਦੀ ਹੈ। ਅਰ ਹੋਰ ਸਭ ਮਿਲਾਪੀਆ ਨੂੰ ਮੇਰੀ ਆਗਿਆ ਹੈ।[4]

ਉਸ ਦਿਨ ਤੋਂ ਬਾਅਦ ਬਲਵੰਡ ਗੁਰੂ ਅੰਗਦ ਦੇਵ ਜੀ ਨਾਲ ਪੂਰੀ ਤਰ੍ਹਾਂ ਜੁੜ ਗਿਆ। ਗੁਰਿਆਈ ਮਿਲਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਕੁਝ ਸਮਾਂ ਲੋਪ ਹੋ ਗਏ ਸਨ। ਬਾਬਾ ਬੁੱਢਾ ਜੀ ਨੇ ਜਦੋਂ ਉਹਨਾਂ ਦੀ ਭਾਲ

ਕੀਤੀ ਤਾਂ ਇਸ ਸਾਰੇ ਪ੍ਰਸੰਗ ਵਿੱਚ ਭਾਈ ਬਲਵੰਡ ਦਾ ਵੀ ਵਿਸ਼ੇਸ਼ ਤੌਰ ਤੇ ਜ਼ਿਕਰ ਆਉਂਦਾ ਹੈ। ਭਾਈ ਬਲਵੰਡ ਛੇ ਮਹੀਨੇ ਗੁਰੂ ਦੇ ਦਰਸ਼ਨਾਂ ਦੀ ਆਸ ਵਿੱਚ ਬੈਠਾ ਰਿਹਾ। ਮਹਿਮਾ ਪ੍ਰਕਾਸ਼ ਇਹ ਸਾਖੀ ਬੜੇ ਰੌਚਕ ਢੰਗ ਨਾਲ ਬਿਆਨ ਕੀਤੀ ਹੈ–

ਤਬ ਬੁਢਾ ਖਡੂਰ ਕੋ ਆਇਆ, ਮਾਈ ਬਿਰਾਈ ਕੇ ਘਰ। ਮਾਈ ਬਿਰਾਈ ਬੈਠੀ ਥੀ। ਅਰ ਬਲਵੰਡ ਭੀ ਉਥੇ ਥਾ। ਬੁਢੇ ਨੇ ਮਾਈ ਕੋ ਪੈਰੀ ਪਉਨਾ ਕੀਆ ਅਰ ਮਾਈ ਨੂੰ ਆਖਿਆ–ਸਾਨੂੰ ਬੜੀ ਲੋਚਾ ਹੈ ਗੁਰੂ ਕਾ ਦਰਸਨ ਕਰਾਉ। ਤਬ ਮਾਈ ਨੇ ਆਖਿਆ– ਗੁਰੂ ਕੀ ਗੁਰੂ ਜਾਣੇ। ਜਿਥੇ ਤੈਨੂੰ ਗੁਰੂ ਨਜਰ ਆਵਦਾ ਹੈ ਉਥਉ ਲਭ ਲੈ। ਤਬ ਬੁਢੇ ਆਖਿਆ–ਮਾਈ ਤੇਰੇ ਮਥੇ ਮਾਲੂਮ ਹੋਵਦਾ ਹੈ। ਜੋ ਗੁਰੂ ਤੇਰੇ ਘਰ ਮੋ ਹੈ। ਅਰ ਮੈਨੂੰ ਗੁਰੂ ਕਾ ਵਚਨ ਹੈ, ਜਿਥੇ ਮੈ ਹੋਵਾਗਾ ਤਿਥੇ ਤੈਨੂ ਦਰਸਨ ਦੇਵਾਗਾ। ਤਬ ਬਲਵੰਡ ਆਖਿਆ– ਭਾਈ ਬੁਢਿਆ ਛੇ ਮਹੀਨੇ ਹੋਏ ਹੈ ਸਾਨੂੰ ਦੁਆਰੇ ਉਪਰਿ ਬੈਠਿਆ ਨੂੰ। ਭਲਾ ਹੋਇਆ ਤੂ ਆਇਆ ਹੈ। ਤੈਨੂੰ ਬਾਬਾ ਜੀ ਕੀ ਖੁਸੀ ਹੈ। ਭਲਾ ਕਰੇ ਦੁਆਰਾ ਖੋਲੇ। ਤੂ ਦਰਸਨ ਕਰੇ ਅਰ ਸਾਨੂੰ ਕਰਾਵੈ। ਤਬ ਬੁਢੇ ਦੁਆਰਾ ਖੋਲਿਆ। ਸ੍ਰੀ ਗੁਰੂ ਕੇ ਚਰਨ ਕੇ ਆਗੇ ਜਾਇ ਪੜੇ ਅਰ ਬਲਵੰਡ ਨੇ ਰਬਾਬ ਬਜਾਇਆ। ਮਾਈ ਬਿਰਾਈ ਅਉਰ ਬੁਢਾ ਦਰਸਨ ਤੇ ਲਗੇ ਕਰਨ। ਅਰ ਬਲਵੰਡ ਕੀਰਤਨ ਲਗਾ ਕਰਨ।––––ਗੁਰੂ ਜੀ ਸਿੰਘਾਸਨ ਪਰ ਆਨ ਬੈਠੇ। ਬਲਵੰਡ ਰਬਾਬੀ ਸਬਦ ਕੀ ਚਉਕੀ ਕੀਆ। [5]

ਇਕ ਸਮੇਂ ਭਾਈ ਬੁੱਢੇ ਨੂੰ ਕੀਰਤਨ ਨਾ ਸੁਣਾਉਣ ਕਾਰਨ ਗੁਰੂ ਜੀ ਬਲਵੰਡ ਨਾਲ ਨਾਰਾਜ਼ ਹੋਏ ਪਰ ਬਾਅਦ ਵਿੱਚ ਮੁਆਫ ਕਰ ਦਿੱਤਾ–

ਤਬ ਬਲਵੰਡ ਨੇ ਅਰਦਾਸ ਕੀਤੀ– ਮੇਹਰਵਾਨ ਮੈ ਬਡਾ ਪਾਪੀ ਹਾ ਮੈਨੂ ਕ੍ਰਿਪਾ ਕਰਕੇ ਬਖਸੀਏ। ਤਬ ਗੁਰੂ ਜੀ ਕਿਰਪਾ ਕੇ ਘਰ ਆਏ। ਤਬ ਆਗਿਆ ਹੋਈ– ਕੁਝ ਉਸਤਤ ਕਰ। ਤਬ ਬਲਵੰਡ ਆਖਿਆ– ਮੇਹਰਵਾਨ ਮੇਰੇ ਪਾਸੋ ਕੁਛ ਨਹੀ ਹੋਦਾ। ਮੈ ਬਡਾ ਗੁਨਹਗਾਰ ਹਾ। ਆਗਿਆ ਹੋਈ– ਮੇਰੇ ਬਚਨ ਕਰਕੇ ਤੂ ਉਸਤਤ ਕਰਿ। ਤਬ ਬਲਵੰਡ ਨੇ ਟਿਕੇ ਕੀ ਵਾਰ ਆਖੀ। ਤਬ ਗੁਰੂ ਜੀ ਕੀ ਖੁਸੀ ਹੋਈ। ਤਬ ਬਲਵੰਡ ਕੇ ਘਟ ਮੇ ਬਾਨੀ ਕਾ ਨਿਵਾਸ ਹੋਆ।[6]

ਸੱਤੇ ਅਤੇ ਬਲਵੰਡ ਦੁਆਰਾ ਰਚੀ ਵਾਰ ਦੀ ਪ੍ਰਸ਼ੰਸਾ ਬਾਰੇ ਵੀ ਹਵਾਲੇ ਪ੍ਰਾਪਤ ਹੁੰਦੇ ਹਨ–

ਪੌੜੀ ਕਰੀ ਬਲਵੰਡ ਇਹ ਟਿਕੇ ਕੀ ਵਾਰ ਮਿਲਾਇ।
ਸੋਹਤ ਸ੍ਰੀ ਗ੍ਰੰਥ ਮੋ ਸਭ ਕੋ ਗਾਵਤ ਤਾਹ।
ਸੁਨ ਬਾਕ ਬਿਲਾਸ ਬਲਵੰਡ ਕੇ ਸਤਿਗੁਰ ਭਏ ਪ੍ਰਸੰਨ।
ਪਉੜੀ ਸੁਨ ਕਰ ਵਾਰ ਕੀ ਸਭ ਲੋਕ ਕਰੇਂ ਧਨ ਧੰਨ।[7]

ਸਿੱਖ ਜਗਤ ਵਿੱਚ ਇਹ ਵੀ ਰਵਾਇਤ ਹੈ ਕਿ ਜਦੋਂ ਕਿਸੇ ਗੁਰੂ ਸਾਹਿਬ ਨੂੰ ਗੁਰਿਆਈ ਦਾ ਟਿੱਕਾ ਲੱਗਦਾ ਉਦੋਂ ਭਾਈ ਸੱਤਾ ਅਤੇ ਬਲਵੰਡ ਉਸ ਗੁਰੂ ਸਾਹਿਬ ਦੀ ਉਸਤਤ ਵਿੱਚ ਵਾਰ ਦੀ ਪਉੜੀ ਉਚਾਰਦੇ। ਇਸੇ ਕਾਰਨ ਇਹਨਾਂ ਦੁਆਰਾ ਰਚੀ ਵਾਰ ਨੂੰ ਟਿੱਕੇ ਦੀ ਵਾਰ ਵੀ ਕਿਹਾ ਜਾਂਦਾ ਹੈ। ਗੁਰ ਗੱਦੀ ਮਿਲਣ ਉਪਰੰਤ ਗੁਰੂ ਅਮਰ ਦਾਸ ਜੀ ਨੇ ਜਦੋਂ ਪਹਿਲਾ ਦੀਵਾਨ ਲਗਾਇਆ ਉਦੋਂ ਭਾਈ ਸਤਾ ਅਤੇ ਭਾਈ ਬਲਵੰਡ ਨੇ ਕੀਰਤਨ ਕੀਤਾ ਅਤੇ ਗੁਰੂ ਅਮਰ ਦਾਸ ਜੀ ਬਾਰੇ ਪਉੜੀ ਉਚਾਰੀ–

ਬਲਵੰਡ ਰਬਾਬੀ ਸਤਾ ਆਏ।
ਅਦਭੁਤ ਦਰਸਨ ਸਤਿਗੁਰ ਪਾਏ।
ਤਿਨ ਧੁਨ ਰਬਾਬ ਕਰ ਉਸਤਤ ਕਰੀ।
ਟਿਕੇ ਵਾਰ ਕੀ ਪਉੜੀ ਕਰੀ।[8]

ਅਤੇ ਫਿਰ ਹਰ ਰੋਜ਼ ਅੰਮ੍ਰਿਤ ਵੇਲੇ ਕੀਰਤਨ ਕਰਦੇ ਸਨ–

ਸਾਹਿਬ ਸਿਘਾਸਨ ਪਰ ਆ ਬੈਠੇ। ਬਲੂ ਮੋਰਛਲੁ ਲਗਾ ਕਰਨੇ। ਤਬ ਸਤਾ ਬਲਵੰਡ ਰਬਾਬੀ ਆਨ ਕਰ ਭਜਨ ਲਗੇ

ਕਰਨੇ।----ਜਬ ਪ੍ਰਭਾਤ ਹੋਤਾ ਤਬ ਬਲਵੰਡ ਅਰ ਸਤਾ ਸਬਦ ਕੀ ਚਉਕੀ ਕਰਤੇ ਥੇ।[9]

ਸਾਰੇ ਗੁਰੂਸਾਹਿਬਾਨ ਦੇ ਦਰਬਾਰ ਵਿੱਚ ਅਨੇਕ ਰਬਾਬੀਆਂ ਵੱਲੋਂ ਰਾਗ ਮਈ ਕੀਰਤਨ ਕਰਨ ਦਾ ਜ਼ਿਕਰ ਆਉਂਦਾ ਹੈ। ਪਰ ਇਹਨਾਂ ਵਿੱਚੋਂ ਬਲਵੰਡ ਰਬਾਬੀ ਪਰਮੁਖ ਦਰਸਾਇਆ ਜਾਂਦਾ ਹੈ। ਭਾਈ ਸੰਤੋਖ ਸਿੰਘ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦੀ ਕੀਰਤਨ ਮਰਯਾਦਾ ਬਾਰੇ ਲਿਖਦੇ ਹਨ:

ਭਈ ਜਗਤ ਮੇ ਬਿਦਤ ਸੁ ਬਾਤੀ।
ਆਇ ਅਨੇਕ ਖਰੇ ਹੁਇ ਪ੍ਰਾਤੀ।
ਸੰਕਟ ਨਸੂਹਿ ਮਦਨ ਸਿਧਾਰਹਿ।
ਜਹਿ ਕਹਿ ਸ੍ਰੀ ਗੁਰ ਸੁਜਸ ਬਿਥਾਰਹਿ।
ਬਹੁਰ ਰਬਾਬੀ ਕਿਰਤਨ ਗਾਵੈਂ।
ਸੁਨਹਿ ਬੀਚ ਸੰਗਤਿ ਹਰਖਾਵੈਂ।
ਬੈਠ ਰਹੈਂ ਸਿਘਾਸਨ ਫੇਰ।
ਸਿਖ ਸੰਗਤਿ ਸਭ ਦਰਸਨੁ ਹੇਰਿ।
... ... ... ... ... ...
ਸਭਾ ਬਿਖੈ ਸੁਭ ਆਸਨ ਬੈਸੇਂ।
ਮੁਨਿ ਗਨਿ ਸਹਿਤ ਸੰਭੁ ਹੁਇ ਜੈਸੇ।
ਚਹੁ ਦਿਸ ਪਰਵਾਰਤਿ ਸਿਖ ਆਇ।
ਰੁਚਿਰ ਰਬਾਬੀ ਰਾਗਨਿ ਗਾਇ।[10]

ਇਸੇ ਤਰ੍ਹਾਂ ਗੁਰੂਅਮਰ ਦਾਸ ਜੀ ਦੇ ਗੁਰਿਆਈ ਕਾਲ ਵਿੱਚ ਗੋਇੰਦਵਾਲ ਵਿਖੇ ਵੀ ਰਬਾਬੀਆਂ ਦੇ ਕੀਰਤਨ ਕਰਨ ਦਾ ਜਿਕਰ ਭਾਈ ਸੰਤੋਖ ਸਿੰਘ ਜੀ ਨੇ ਕੀਤਾ ਹੈ-

ਪ੍ਰਾਤਿ ਹੋਤਿ ਲਗ ਇਸੀ ਬਿਧੀ ਇਸਥਿਰਤਾ ਪਾਵੈ।
ਬਹੁਰ ਰਬਾਬੀ ਆਇ ਕਰਿ ਗੁਰ ਸਬਦ ਸੁ ਗਾਵੈ।
ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ।
ਮਨੋ ਮਧੁਰ ਘਨ ਗਰਜੇਤ ਜਯੋਂ ਮੋਰ ਸੁਹੰਦੇ।
... ... ... ... ...
ਆਵੇ ਚੌਥੇ ਜਾਮ ਦਨ ਇਤਿਹਾਸੁ ਪ੍ਰਕਾਸੇ।
ਸੁਨੈ ਸਤਿਗੁਰ ਬੈਠਿ ਕਰਿ ਸੰਗਤਿ ਹਿਕ ਪਾਸੇ।
ਬਹੁਤ ਰਬਾਬੀ ਆਇ ਕਰਿ ਗੁਰ ਸਬਦ ਸੁਨਾਵੈ।
ਰਾਗ ਰਾਗਨੀ ਧੁਨਿ ਸਤਹ ਸੁੰਦਰ ਬਿਧਿ ਗਾਵੈ।
ਕਥਾ ਕੀਰਤਨਿ ਕਰਤਿ ਹੀ ਨਿਸੁ ਜਾਮ ਬਿਤਾਵੈ।
ਸਿਮਰਨ ਹੁਇ ਸਤਿਨਾਮ ਕੋ ਇਕਹ ਚਿਤਲਿਵ ਲਾਵੈ।[11]

ਗੁਰੂ ਰਾਮ ਦਾਸ ਜੀ ਦੇ ਸਮੇਂ ਵੀ ਰਬਾਬੀਆਂ ਦੇ ਕੀਰਤਨ ਕਰਨ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ-

ਗਾਵਹਿ ਸਬਦ ਰਬਾਬੀ ਰਾਗਿ।
ਜਿਨ ਕੇ ਬਿਖੈ ਪਰਮ ਬੈਰਾਗ।

ਸਭਾ ਲਗਹਿ ਜਬ ਹੋਵਤਿ ਭੋਰ।
ਆਵਹਿ ਸਿਖ ਕਰਹਿ ਬਹੁ ਜੋਰ।
ਬਿਚ ਰਾਗਨ ਕੇ ਬਦੇ ਬਨਾਵਹਿ।
ਮਧੁਰ ਮਧੁਰ ਮੁਖ ਤੇ ਧੁਨ ਗਾਵਹਿਂ।[12]

ਜਦੋਂ ਗੁਰੂ ਅਰਜਨ ਦੇਵ ਦੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਭਾਈ ਸੱਤਾ ਬਲਵੰਡ ਨੇ ਕੀਰਤਨ ਕੀਤਾ ਅਤੇ ਗੁਰੂਜੀ ਬਾਰੇ ਪੌੜੀ ਉਚਾਰੀ। ਵਿੱਚ ਲਿਖਿਆ ਹੈ-

ਬਲਵੰਡ ਪੁਤਰ ਸਤਾ ਤਹ ਆਇਆ।
ਆਨ ਹਜੂਰ ਰਬਾਬ ਵਜਾਇਆ।
ਗੁਰ ਉਸਤਤ ਕਰਿ ਗਾਵਨ ਲਾਗਾ।
ਕਰੈ ਭਜਨ ਪ੍ਰੇਮ-ਰਸ ਪਾਗਾ।
ਪਉੜੀ ਕਰ ਉਸਤਤ ਮੁਖਿ ਗਾਈ।
ਟਿੱਕੇ ਕੀ ਵਾਰ ਮਾਹਿ ਲਾਈ।
ਸਤਿਗੁਰ ਤਾ ਪਰ ਕ੍ਰਿਪਾ ਕਰੀ।
ਸੰਗ ਵਾਰ ਲਗਾਇ ਗ੍ਰਿੰਥ ਲਿਖ ਧਰੀ।[13]

ਆਦਿ ਗ੍ਰੰਥ ਦੇ ਪ੍ਰਕਾਸ਼ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਯਾਦਾ ਦਾ ਆਰੰਭ ਹੋਇਆ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਗੁਰੂ ਜਸ ਗਾਇਨ ਕਰਨ ਦਾ ਸੁਭਾਗ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਪ੍ਰਾਪਤ ਹੋਇਆ।

ਭਾਈ ਸੱਤਾ ਅਤੇ ਭਾਈ ਬਲਵੰਡ ਸੁਭਾਗ ਇਹ ਵੀ ਪ੍ਰਾਪਤ ਹੋਇਆ ਕਿ ਉਹਨਾਂ ਦੁਆਰਾ ਰਚੀ ਵਾਰ ਨੂੰ ਗੁਰੂਅਰਜਨ ਦੇਵ ਜੀ ਦੁਆਰਾ ਗੁਰੂਗ੍ਰੰਥ ਸਾਹਿਬ ਵਿੱਚ ਸਥਾਨ ਦਿਤਾ ਗਿਆ।

ਜਿੰਹ ਨਰ ਕਉ ਜਗ ਕੋਊਨ ਜਾਨੈ।
ਨਾਮ ਜਪਤ ਸੇ ਚਹੁੰ ਕੁੰਟ ਮਾਨੈ।
ਸਤਾ ਅਰੁ ਬਲਵੰਡ ਮਿਰਾਸੀ।
ਤਾਕੀ ਕਟੀ ਗੁਰੁ ਭਵ ਫਾਸੀ।
ਤਿਨਹਿੰ ਵਾਰ ਗੁਰ ਉਪਮ ਉਚਾਰੀ।
ਸ੍ਰੀ ਗ੍ਰੰਥ ਮਹਿ ਲਿਖ ਗੁਰ ਧਾਰੀ।[14]

ਸੱਤਾ ਅਤੇ ਬਲਵੰਡ ਵੱਲੋਂ ਕੀਤੀ ਭੁੱਲ ਵਾਲੀ ਸਾਖੀ ਨੂੰ ਮਹਿਮਾ ਪ੍ਰਕਾਸ਼ ਦਾ ਕਰਤਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇੱਕ ਸਾਖੀ ਨਾਲ ਜੋੜਦਾ ਹੈ। ਇੱਕ ਸਮੇ ਭਾਈ ਮਰਦਾਨਾ ਅਤੇ ਦਾਲਾ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਕਰ ਰਹੇ ਸਨ ਤਾਂ ਉਹਨਾਂ ਨੂੰ ਆਪਣੀ ਗਾਇਨ ਕਲਾ ਤੇ ਹੰਕਾਰ ਹੋ ਗਿਆ ਉਦੋਂ ਗੁਰੂ ਨਾਨਕ ਦੇਵ ਜੀ ਨੇ ਇਹ ਭਵਿਖ ਬਾਣੀ ਕੀਤੀ ਸੀ ਕਿ ਸਾਡੇ ਪੰਜਵੇਂ ਜਾਮੇ ਵਿੱਚ ਤੁਸੀ ਅਵੱਗਿਆ ਕਰੋਗੇ -

ਏਕ ਅਨੀਹ ਰੂਪ ਗੁਰੂ ਨਾਨਕ।
ਰਾਵੀ ਤਟ ਬੈਠੇ ਸੁਖ ਖਾਨਕ।
ਦਾਲ ਡੂਮ ਸਾਥ ਮਰਦਾਨੇ।
ਢੂੰਢਤ ਆਏ ਗੁਰ ਨਿਕਟਾਨੇ।

ਮਰਦਾਨੇ ਕੋ ਤਬ ਗੁਰ ਕਹਾ।
ਰਬਾਬ ਬਜਾਵੋ ਰਾਗ ਸੁ ਗਹਾ।
ਰਬਾਬ ਬਜਾਯੋ ਤਿੰਹ ਬਡ ਭਾਗੇ।
ਆਪ ਦਾਲੇ ਸਿਉ ਗਾਵਨਿ ਲਾਗੇ।
ਘੜੀ ਜੁਗਲ ਦਿਨ ਜਬੈ ਰਹਾਈ।
ਆਸਾ ਰਾਗਨੀ ਸ੍ਰੀ ਗੁਰ ਗਾਈ।
ਸੁਨਤ ਰਾਗ ਪੰਛੀ ਮ੍ਰਿਗ ਮੋਹੈ।
ਬੈਰ ਭਾਵ ਨਿਜ ਮਨ ਨਹੀਂ ਜੋਹੈ।
ਮਾਨ ਕੀਓ ਮਰਦਾਨੇ ਦਾਲੇ।
ਮ੍ਰਿਗ ਪੰਛੀ ਮੋਹ ਹਮ ਖਿਆਲੇ।
ਗੁਰੁ ਨਾਨਕ ਤਬ ਮੋਨ ਸੁਧਾਰੀ।
ਦਾਲੇ ਕਹਿਓ ਮੋਨ ਕਿਮ ਸਾਰੀ।-----
ਸ੍ਰੀ ਗੁਰੁਨਾਨਕ ਤਬ ਕਹਾ ਤੁਮੈ ਮਾਨ ਅਬ ਕੀਨ।
ਮਾਨ ਸਹਿਤਿ ਕਲਿਆਨ ਨਹਿੰ ਕਰੋ ਜਤਨ ਚਿਤ ਚੀਨ।
ਤਬ ਦੁਹੁੰਅਨ ਬਿਨਤੀ ਕਰੀ ਹੇ ਪ੍ਰਭ ਬਖਸ ਦਿਆਲ।
ਸ੍ਰੀ ਗੁਰ ਨਾਨਕ ਤਬ ਕਹਾ ਲਿਖਾ ਇਹੀ ਬਿਧ ਭਾਲ।[15]

ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ ਦੇ ਸਿੱਖ ਭਾਈ ਸੱਤਾ ਅਤੇ ਬਲਵੰਡ ਵੱਲੋਂ ਕੀਤੀ ਭੁੱਲ ਨੂੰ ਵੀ ਗੁਰੂ ਦੇ ਚੋਜ ਹੀ ਗਿਣਦੇ ਸਨ। ਗੁਰੂ ਸਾਹਿਬ ਆਪਣੀਆਂ ਸਿੱਖਿਆਵਾਂ ਦ੍ਰਿੜ ਕਰਵਾਉਣ ਲਈ ਅਜਿਹੀਆਂ ਘਟਨਾਵਾਂ ਰਚਦੇ ਸਨ। ਜਿਵੇਂ ਭਾਈ ਗੁਰਦਾਸ ਜੀ ਨੇ ਆਪਣੀ ਇੱਕ ਵਾਰ ਵਿੱਚ ਲਿੱਖ ਦਿੱਤਾ-

ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨਾ ਹਾਰੇ।[16]

ਤਾਂ ਗੁਰੂਅਰਜਨ ਦੇਵ ਜੀ ਨੇ ਮਹਿਸੂਸ ਕੀਤਾ ਕਿ ਇਹ ਤੁਕ ਕਿਸੇ ਹੰਕਾਰ ਵਿੱਚੋਂ ਪ੍ਰਗਟ ਹੋਈ ਹੈ। ਤਾਂ ਉਹਨਾਂ ਨੇ ਭਾਈ ਸਾਹਿਬ ਨੂੰ ਸਿੱਖਿਆ ਦੇਣ ਲਈ ਇੱਕ ਕੌਤਕ ਦੀ ਰਚਨਾ ਕੀਤੀ। ਜਦੋਂ ਭਾਈ ਸਾਹਿਬ ਉਸ ਸਮੇਂ ਮਜਬੂਰ ਹੋ ਕੇ ਤਾਂ ਉਹਨਾਂ ਨੂੰ ਇਹ ਕਹਿਣਾ ਪਿਆ -

ਜੇ ਗੁਰ ਭਾਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।[17]

ਗੁਰੂਹਰਿ ਗੋਬਿੰਦ ਜੀ ਸੱਤਾ ਅਤੇ ਬਲਵੰਡ ਨੂੰ ਬਹੁਤ ਪਿਆਰ ਕਰਦੇ ਸਨ। ਜਦੋਂ ਸੱਤਾ ਅਤੇ ਬਲਵੰਡ ਦਾ ਦੇਹਾਂਤ ਹੁੰਦਾ ਹੈ ਤਾਂ ਆਪ ਵੈਰਾਗ ਵਿੱਚ ਆ ਜਾਂਦੇ ਹਨ। ਗੁਰ ਬਿਲਾਸ ਪਾਤਸ਼ਾਹੀ 6 ਵਿੱਚ ਸੱਤਾ ਅਤੇ ਬਲਵੰਡ ਦੇ ਦੇਹਾਂਤ ਨੂੰ ਇੱਕ ਅਲੌਕਿਕ ਕਥਾ ਦੇ ਰੂਪ ਵਿੱਚ ਬਿਆਨ ਕੀਤਾ ਹੈ:

ਬਲਵੰਡ ਸੱਤਾ ਮਨ ਮੈਂ ਸੁਖ ਧਰੈਂ।
ਹਰਿ ਗੋਵਿੰਦ ਢਿਗ ਕੀਰਤਨ ਕਰੈਂ।
ਏਕ ਦਿਵਸ ਬਹੁ ਕੀਰਤਨ ਕੀਨੇ।
ਗੁਰ ਬਪ ਦੇਖ ਹਰਖ ਮਨ ਲੀਨੋ।।799
ਅੰਤ ਸਮਾ ਅਪਨਾ ਦ੍ਰਿਸ਼ਟਾਯੋ।
ਸ੍ਰੀ ਗੁਰੁ ਨਾਨਕ ਬੋਲ ਪਠਾਯੋ।

ਸ੍ਰੀ ਚੰਦ ਪੁਨ ਲਖਮੀ ਦਾਸ।
ਮਹਾਂ ਦੇਵ ਦਾਸੁ ਸੁਖ ਰਾਸ।।800
ਦੋਹਰਾ- ਗੁਰੁ ਨਾਨਕ ਲੇਵਨ ਪਠੇ ਏਹੁ ਚਾਰੋਂ ਤਬ ਆਇ।
ਬਲਵੰਡ ਸਤੈ ਕੌ ਦਰਸ ਦੈ ਐਸੇ ਕਹਾ ਸੁਨਾਇ।।801
ਚੌਪਈ- ਗੁਰ ਨਾਨਕ ਜੀ ਤੁਮੈਂ ਬੁਲਾਯੋ।
ਸ੍ਰਾਪ ਪੁਰ ਜਸ ਤੋਰ ਮਹਾਯੋ।
ਬਲਵੰਡ ਸੱਤੇ ਤਿੰਹ ਬੰਦਨ ਧਾਰ।
ਹਰਗੋਬਿੰਦ ਕੋ ਦੀਓ ਦਿਦਾਰ।।802
ਗੁਰ ਮੂਰਤ ਮਨ ਮੈਂ ਦ੍ਰਿੜ ਕੀਨੀ।
ਸੱਤਨਾਮ ਕਹ ਬਪ ਤਜ ਦੀਨੀ।
ਬਲਵੰਡ ਮਰਦਾਨੇ ਕਾ ਤਨ ਪਾਯੋ।
ਸੁਰ ਸੁੰਦਰ ਅਤ ਰੂਪ ਸੁਹਾਯੋ।।803
ਦੋਹਰਾ- ਦਾਲੇ ਬਪੁ ਸੁੰਦ੍ਰ ਲੀਓ ਸੁੰਦ੍ਰ ਦੇਵ ਅਪਾਰ।
ਲਲਤ ਯਾਨ ਦੋਊ ਚੜ੍ਹੈ ਗੁਰੁ ਸੁਤ ਸੰਗ ਸਿਧਾਰ।।804
ਚੌਪਈ- ਗੁਰ ਨਾਨਕ ਕੇ ਧਾਮ ਸਿਧਾਏ।
ਦਾਲਾ ਮਰਦਾਨਾ ਹਰਖਾਏ।
ਆਗੇ ਦੇਖੀ ਸਭਾ ਅਪਾਰ।
ਪੰਚ ਗੁਰੁ ਬੈਠੇ ਨਿਰਧਾਰ।805
ਗੁਰ ਸੁਤ ਗੁਰੁ ਕੇ ਨਿਕਟ ਸੁਜਾਏ।
ਅਯੋ ਮਰਦਾਨਾ ਕਹਿਆ ਸੁਨਾਏ।
ਇਨ ਦੂਹਨ ਬਹੁ ਬੰਦਨ ਕੀਨੀ।
ਪੰਚ ਗੁਰੂ ਪੈ ਹੋਇ ਅਧੀਨੀ।806
ਦੋਹਰਾ- ਗੁਰ ਨਾਨਕ ਆਦਰ ਕੀਓ ਮਰਦਾਨੇ ਕੌ ਜਾਨ।
ਮਮ ਪ੍ਰੀਤਮ ਆਯੋ ਅਬੈ ਭਾਖਿਓ ਕ੍ਰਿਪਾ ਨਿਧਾਨ।807
ਚੌਪਈ- ਸ੍ਰਾਪ ਮੇਟ ਮਰਦਾਨਾ ਆਯੋ।
ਦਾਲਾ ਜਾਕੈ ਸੰਗ ਸੁਹਾਯੋ।
ਦੁਹਨ ਕੋ ਆਸਨ ਗੁਰੂਦੀਨੋ।
ਬੈਠੇ ਧਾਰ ਹਰਖ ਸੁਖ ਲੀਨੇ।।808
ਪਾਛੇ ਹਰ ਗੋਬਿੰਦ ਕਰ ਐਸੇ।
ਮ੍ਰਿਤਕ ਤਨ ਕ੍ਰਿਯਾ ਥੀ ਜੈਸੇ।
ਰਬਾਬੀ ਬਾਬਕ ਨਿਕਟ ਬੁਲਾਯੋ।
ਤੁਮਹੌਂ ਆਦੀ ਕਹਿ ਸਮਝਾਯੋ।।809
ਦੋਹਰਾ- ਮ੍ਰਿਤ ਰੀਤ ਜੌ ਤੋਹਿ ਮੈਂ ਕਰੋ ਸੋਇ ਮਨ ਲਾਇ।।

ਬਾਬਕ ਸ੍ਰੀ ਗੁਰ ਬੈਨ ਸੁਨ ਕੀਨ ਰੀਤ  ਸੋ ਭਾਇ।810
ਚੌਪਈ- ਬਲਵੰਡ ਸਤੇ ਕੀ ਦੇਹ ਉਠਾਇ।
ਰਾਵੀ ਤਟ ਦਾਬੀ ਹਿਤ ਲਾਇ।
ਕਬਰ ਬਨਾਇ ਆਇ ਪੁਨ ਤਹਾ।
ਹਰਿ ਗੁਵਿੰਦ ਗੁਰ ਇਸਥਿਤ ਜਹਾਂ।811
ਕੀਰਤਨ ਤਾਹਿ ਗੁਰੂਮਨ ਲਾਯੋ।
ਨੈਨਨ ਨੀਰ ਰੁਮਾਲ ਹਟਾਯੋ।
ਬਾਬਕ ਕੌ ਪੁਨ ਯੌਂ ਫੁਰਮਾਇ।
ਕੀਰਤਨ ਕਰੋ ਰਬਾਬ ਬਜਾਇ।।812
ਦੋਹਰਾ- ਬਾਬਕ ਤਬ ਕੀਰਤਨ ਕਰੈ ਸੁੰਦਰ ਲਗੈ ਦਿਵਾਨ।।
ਕਵ ਬਿਨਤੀ ਗਾਥਾ ਅਧਕ ਕਹਤਕ ਲਿਖੋਂ ਅਜਾਨ।।813।।[18]

ਇਸ ਤਰ੍ਹਾਂ ਬਲਵੰਡ ਰਬਾਬੀ ਦੀ ਇਤਿਹਾਸਕ ਕਥਾ ਸਿੱਖ ਇਤਹਾਸ ਅਤੇ ਖਾਸ ਕਰਕੇ ਗੁਰਮਤਿ ਸੰਗੀਤ ਦਾ ਇੱਕ ਸੁਨਹਿਰੀ ਪੰਨਾ ਹੈ। ਜਿਸਨੂੰ ਪਿਆਰ ਅਤੇ ਸ਼ਰਧਾ ਨਾਲ ਵਾਚਣ ਦੀ ਲੋੜ ਹੈ। ਇਹਨਾਂ ਰਬਾਬੀਆਂ ਬਾਰੇ ਨਿੰਦਾ ਭਰਪੂਰ ਘਟਨਾਵਾਂ ਦਾ ਬਹੁਤਾ ਜ਼ਿਕਰ ਕਰਕੇ ਉਹਨਾਂ ਦੀ ਮਹਾਨਤਾ ਨੂੰ ਘਟਾਉਣ ਤੋਂ ਗੁਰੇਜ਼ ਕਰਨਾਂ ਚਾਹੀਦਾ ਹੈ।

---

1-ਗੁਰ ਬਿਲਾਸ ਪਾਤਸ਼ਾਹੀ 6 (ਪੰਜਾਬੀ ਯੂਨੀਵਰਸਿਟੀ, ਪਟਿਆਲਾ
2- ਮਹਿਮਾ ਪ੍ਰਕਾਸ਼ ,ਭਾਸ਼ਾ ਵਿਭਾਗ ਪੰਨਾ
3- ਮਹਿਮਾ ਪ੍ਰਕਾਸ਼ (ਵਾਰਤਕ) , ਸਿੰਘ ਬ੍ਰਦਰਜ਼ ਅੰਮ੍ਰਿਤਸਰ 2●●4
4- ਮਹਿਮਾ ਪ੍ਰਕਾਸ਼ (ਵਾਰਤਕ ਪੰਨਾ 55)
5- ਮਹਿਮਾ ਪ੍ਰਕਾਸ਼ (ਵਾਰਤਕ ਪੰਨਾ 57)
6-(ਮਹਿਮਾ ਪ੍ਰਕਾਸ਼, ਪੰਨਾ 6●-61)
7- (ਮਹਿਮਾ ਪ੍ਰਕਾਸ਼ ਪੰਨਾ 132)
8-(ਮਹਿਮਾ ਪ੍ਰਕਾਸ਼ ਪੰਨਾ 149)
9- ਮਹਿਮਾ ਪ੍ਰਕਾਸ਼ (ਵਾਰਤਕ
1●-ਗੁਰ ਪ੍ਰਤਾਪ ਸੂਰਜ
11- ਗੁਰ ਪ੍ਰਤਾਪ ਸੂਰਜ
12-ਗੁਰ ਪ੍ਰਤਾਪ ਸੂਰਜ
13-ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ, ਪੰਨਾ 313)
14- ਗੁਰ ਬਿਲਾਸ ਪਾਤਸ਼ਾਹੀ 6 , ਪੰਨਾ 13●(ਪੰਜਾਬੀ ਯੂਨੀਵਰਸਿਟੀ, ਪਟਿਆਲਾ
15- ਮਹਿਮਾ ਪ੍ਰਕਾਸ਼
16- ਵਾਰ ਭਾਈ ਗੁਰਦਾਸ ਜੀ
17- ਵਾਰ ਭਾਈ ਗੁਰਦਾਸ ਜੀ
18- ਗੁਰ ਬਿਲਾਸ ਪਾਤਸ਼ਾਹੀ 6

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਕੀਰਤਨ ਭਗਤੀ

**ਸੰਦੀਪ ਕੌਰ ਬਰਾੜ**

ਸਿੱਖ ਧਰਮ ਵਿੱਚ ਪਰਮਾਤਮਾ ਦੀ ਭਗਤੀ ਨੂੰ ਮੁਕਤੀ ਪ੍ਰਾਪਤ ਕਰਨ ਦਾ ਸਰਵਉੱਚ ਸਾਧਨ ਮੰਨਿਆ ਗਿਆ ਹੈ। ਵੱਖ-ਵੱਖ ਵਿਦਵਾਨਾਂ ਦੁਆਰਾ ਭਗਤੀ ਦੇ ਅਨੇਕ ਅਰਥ ਦਿੱਤੇ ਗਏ ਹਨ । ਭਾਈ ਕਾਨ੍ਹ ਸਿੰਘ ਨਾਭਾ ਨੇ ਭਗਤੀ ਦਾ ਅਰਥ, 'ਸੇਵਾ', 'ਉਪਾਸਨਾ', ਦੱਸਿਆ ਹੈ। ਭਗਤੀ ਸ਼ਬਦ ਦਾ ਅਰਥ ਹੈ ਪ੍ਰੇਮ-ਭਾਵ ਨਾਲ ਪ੍ਰਭੂ ਦੀ 'ਸੇਵਾ', 'ਅਰਾਧਨਾ', ਜਾਂ 'ਪੂਜਾ ਅਰਚਨਾ'। ਭਗਤੀ ਸ਼ਬਦ ਦੀ ਵਿਉਂਤਪਤੀ ਸੰਸਕ੍ਰਿਤ ਦੀ ਭਜਨ, ਧਾਤੂ ਤੋਂ ਹੋਈ ਹੈ। ਜਿਸਦਾ ਅਰਥ ਹੈ 'ਭਜਣਾ'। ਸ਼ਬਦ ਭਗਤੀ ਸੰਸਕ੍ਰਿਤ ਸਨਾਤਨੀ ਭਾਸ਼ਾ ਦੇ ਇਸਤਰੀ ਲਿੰਗ ਸ਼ਬਦ 'ਭਕਤਿ' ਤੋਂ ਬਣਿਆ ਹੈ, ਜਿਸਦੇ ਅਰਥ ਹਿੰਦੀ ਸ਼ਬਦ- ਕੋਸ਼ ਅਨੁਸਾਰ 'ਅਰਾਧਨਾ', 'ਸਿਮਰਨ', 'ਸੇਵਾ', 'ਸੇਵਨ', 'ਪੂਜਾ', 'ਸ਼ਰਧਾ', 'ਉਪਾਸਨਾ', 'ਅਨੁਰਾਗ', 'ਰਤਿ', 'ਪ੍ਰੇਮ', 'ਪਿਆਰ', ਆਦਿ ਹਨ।

ਇਸ ਪ੍ਰਕਾਰ ਭਗਤੀ ਦਾ ਅਰਥ ਪ੍ਰਭੂ ਉੱਪਰ ਵਿਸ਼ਵਾਸ ਰੱਖ ਕੇ ਪ੍ਰੇਮ-ਭਾਵ ਨਾਲ ਉਸਦੀ ਭਗਤੀ, ਸੇਵਾ, ਪੂਜਾ, ਅਰਾਧਨਾ ਕਰਨਾ ਹੈ। ਭਗਤੀ ਦੇ ਲਈ ਪ੍ਰੇਮ, ਪਰਮਾਤਮਾ ਵਿੱਚ ਵਿਸ਼ਵਾਸ, ਅਪਾਰ ਸ਼ਰਧਾ ਦਾ ਹੋਣਾ ਅਤਿ-ਆਵੱਸ਼ਕ ਹੈ। ਭਗਤੀ ਪਰਮਾਤਮਾ ਲਈ ਅਟੁੱਟ ਤੇ ਤੀਬਰ ਪਿਆਰ ਦਾ ਨਾਂ ਹੈ। ਮੁਕਤੀ ਕਰਮ-ਕਾਂਡ ਅਤੇ ਸੰਸਕਾਰਾਂ ਦੀ ਬਜਾਇ ਕੇਵਲ ਭਗਤੀ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਜੀਵ ਦੁਆਰਾ ਆਪਣੇ ਆਪ ਨੂੰ ਆਪਣੇ ਇਸ਼ਟ ਅੱਗੇ ਨਿਮਰ ਬਣਾ ਕੇ ਰੱਖਣਾ ਵੀ ਭਗਤੀ ਦਾ ਇੱਕ ਸਹੀ ਢੰਗ ਹੈ। ਭਗਤੀ ਹੀ ਇੱਕ ਅਜਿਹਾ ਸਾਧਨ ਹੈ, ਜਿਸ ਰਾਹੀਂ ਮਨੁੱਖ ਆਪਣਾ ਆਪ ਪਰਮਾਤਮਾ ਦੇ ਹਵਾਲੇ ਕਰਕੇ, ਹਉਮੈਂ ਦੀ ਭਾਵਨਾ ਨੂੰ ਖ਼ਤਮ ਕਰਕੇ ਉਸ ਨਾਲ ਇਕਸੁਰ ਹੋ ਸਕਦਾ ਹੈ। ਭਗਤੀ ਦੇ ਦੋ ਰੂਪ ਮੰਨੇ ਗਏ ਹਨ -1. ਸਗੁਣ 2. ਨਿਰਗੁਣ

ਸਗੁਣ ਰੂਪ ਵਿੱਚ ਪਰਮਾਤਮਾ ਨੂੰ ਕਿਸੇ ਸ਼ਕਲ ਵਿੱਚ ਮੰਨ ਕੇ ਭਾਵ ਕਿ ਮੂਰਤੀ ਰੂਪ ਵਿੱਚ ਪੂਜਾ ਕੀਤੀ ਜਾਂਦੀ ਹੈ। ਜਦਕਿ ਨਿਰਗੁਣ ਰੂਪ ਵਿੱਚ ਉਸ ਅਦਿੱਖ, ਸ਼ਕਲ ਤੋਂ ਰਹਿਤ ਅਲੱਖ, ਅਪਾਰ ਪਰਮਾਤਮਾ ਦੀ ਅਰਾਧਨਾ ਕੀਤੀ ਜਾਂਦੀ ਹੈ, ਜੋ ਕਿ ਰੂਪ ਤੋਂ ਵੀ ਰਹਿਤ ਹੈ। ਸਿੱਖ ਧਰਮ ਵਿੱਚ ਭਗਤੀ ਦਾ ਆਧਾਰ ਬਿਰਹੋਂ ਦੱਸਿਆ ਗਿਆ ਹੈ। ਇਸਦਾ ਵੱਖ-ਵੱਖ ਰੂਪਾਂ ਜਿਵੇਂ ਪਤੀ-ਪਤਨੀ ਦੇ ਵਿਯੋਗ ਵਿੱਚ, ਪ੍ਰੀਤਮ ਦੇ ਇਸ਼ਕ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ।

ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

ਤ੍ਰਿਖਾ ਨ ਉਤਰੈ ਸਾਂਤਿ ਨਾ ਆਵੈ ॥ ਬਿਨੁ ਦਰਸਨ ਸੰਤ ਪਿਆਰੇ ਜੀਉ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 96)

ਬਾਬਾ ਫ਼ਰੀਦ ਜੀ ਨੇ ਆਪਣੀ ਬਾਣੀ ਵਿੱਚ ਦੱਸਿਆ ਹੈ ਕਿ ਵਿਛੋੜੇ ਦੀ ਗੁੱਝੀ ਪੀੜ ਦਾ ਮਰਮ ਪਰਮਾਤਮਾ ਦੇ ਸਿਵਾਏ ਕੋਈ ਵੀ ਨਹੀਂ ਜਾਣ ਸਕਦਾ।

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹ ਵਿਛਾਵਣ ਲੇਫੁ ॥

ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1379)

ਗੁਰਮਤਿ ਵੈਧੀ ਭਗਤੀ; ਜਿਸ ਵਿੱਚ ਕਿ ਤਿਲਕ, ਵਰਤ, ਮੂਰਤੀਆਂ ਨੂੰ ਪੂਜਣਾ ਆਦਿ ਕਰਮ-ਕਾਂਡ ਹੁੰਦੇ ਹਨ, ਦਾ ਵਿਰੋਧੀ ਹੈ। ਜਦਕਿ ਨਿਰਗੁਣ ਤੋਂ ਸਰਗੁਣ ਰੂਪ ਦੇ ਪਰਮਾਤਮਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ।

ਪਰਮਾਤਮਾ ਨੂੰ ਸਗੁਣ ਰੂਪ ਵਿੱਚ ਕੁਦਰਤ ਵਿੱਚ ਸਰਬ-ਵਿਆਪਕਤਾ ਦੇ ਰੂਪ ਵਿੱਚ ਮੰਨਿਆ ਗਿਆ ਹੈ। ਭਾਵ ਪਰਮਾਤਮਾ ਨੂੰ ਹਰੇਕ ਜੀਵ ਦੇ ਅੰਦਰ ਵਿਆਪਕ ਮੰਨਿਆ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਭਗਤੀ ਨੂੰ ਮੁੱਖ ਵਿਸ਼ੇ ਦੇ ਤੌਰ 'ਤੇ ਲਿਆ ਗਿਆ ਹੈ। ਉਨ੍ਹਾਂ ਦੁਆਰਾ ਮਾਇਆ ਵਿੱਚ ਗ੍ਰਸਤ ਹੋਏ ਜੀਵ ਨੂੰ ਨਾਸ਼ਮਾਨਤਾ ਬਾਰੇ ਦੱਸਣ ਦਾ ਮਨੋਰਥ ਵੀ ਇਹੀ ਹੈ ਕਿ ਜੀਵ ਨਾਮ ਨੂੰ ਅਪਨਾ ਕੇ ਆਪਣੇ ਅਸਲ ਨਿਸ਼ਾਨੇ ਵੱਲ ਲੱਗ ਜਾਵੇ।

ਸੰਪੂਰਨ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਕਤਰ ਬਾਣੀ ਰਾਗਮਈ ਹੈ। ਸਿੱਖ ਧਰਮ ਦੇ ਸਮੇਂ ਤੋਂ ਆਰੰਭ ਹੋਈ ਕੀਰਤਨ ਪ੍ਰਣਾਲੀ ਬਾਰੇ ਗਿਆਨ ਅਜੋਕੇ ਸਮੇਂ ਵਿੱਚ ਵੀ ਧਾਰਮਿਕ ਸਥਾਨਾਂ ਤੇ ਕੀਤੇ ਜਾਣ ਵਾਲੇ ਕੀਰਤਨ ਤੋਂ ਹੋ ਜਾਂਦਾ ਹੈ। ਗੁਰਮਤਿ ਵਿੱਚ ਕੀਰਤਨ ਦੀ ਆਵੱਸ਼ਕਤਾ ਪਰਮਾਤਮਾ ਦੀ ਭਗਤੀ ਦੇ ਲਈ ਦੱਸੀ ਗਈ ਹੈ।

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 623)

ਗੁਰਮਤਿ ਵਿੱਚ ਕੀਰਤਨ ਨੂੰ ਇੱਕ ਨਿਰਮੋਲਕ ਹੀਰਾ ਦੱਸਿਆ ਗਿਆ ਹੈ ਤੇ ਬੈਕੁੰਠ ਹੀ ਉਹ ਥਾਂ ਹੈ, ਜਿੱਥੇ ਕੀਰਤਨ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਇੱਕ ਸਾਜ਼ (ਸਰੰਦਾ) ਤਿਆਰ ਕਰਵਾਇਆ ਵੀ ਦੱਸਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਵਾਰ-ਵਾਰ ਇਹੀ ਪ੍ਰੇਰਨਾ ਹੈ ਕਿ ਪਰਮਾਤਮਾ ਦੇ ਨਾਮ ਨੂੰ ਭਜਣਾ, ਗਾਉਣਾ ਜਾਂ ਕੀਰਤਨ ਕਰਨਾ ਹੈ। ਮਾਇਆ ਦੇ ਮੋਹ ਵਿੱਚ ਮਸਤ ਰਹਿਣ ਕਾਰਨ ਮਨੁੱਖ ਪਰਮਾਤਮਾ ਦੇ ਗੁਣ ਵੀ ਨਹੀਂ ਗਾ ਸਕਦਾ।

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥

ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੈ ਗੁਨ ਗਾਵੈ ॥ ਰਹਾਉ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 219)

ਪਰਮਾਤਮਾ ਦੇ ਨਾਮ ਦਾ ਭਜਨ ਭਾਵ ਕੀਰਤਨ ਕਰਨ ਨਾਲ ਹੀ ਜਨਮ ਦਾ ਮਨੋਰਥ ਹੱਲ ਹੋ ਸਕਦਾ ਹੈ।

ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 536)

ਪਰਮਾਤਮਾ ਦੇ ਨਾਮ ਦਾ ਭਜਨ ਅਜਿਹੀ ਬਰਕਤਿ ਹੁੰਦੀ ਹੈ ਕਿ ਮਨੁੱਖ ਦਾ ਸੰਸਾਰ ਰੂਪੀ ਮੋਹ ਤੋਂ ਵੀ ਪਾਰ ਉਤਾਰਾ ਹੋ ਜਾਂਦਾ ਹੈ।

ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰੁ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 536)

ਮਨੁੱਖ ਨੂੰ ਇਹ ਉਪਦੇਸ਼ ਵਾਰ-ਵਾਰ ਦਿੱਤਾ ਗਿਆ ਹੈ ਕਿ ਉਹ ਆਪਣੇ ਕੰਨਾਂ ਨਾਲ ਪਰਮਾਤਮਾ ਦੀ ਉਸਤਤ ਨੂੰ ਸੁਣੇ ਤੇ ਜੀਭ ਨਾਲ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਵੇ।

ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥ ਰਹਾਉ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 631)

ਜੋ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਗੀਤ ਨਹੀਂ ਗਾਉਂਦਾ, ਉਸਨੂੰ ਬੇ-ਸਮਝ ਬਿਆਨਿਆ ਗਿਆ ਹੈ।

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 726)

ਇਹ ਗੱਲ ਹਮੇਸ਼ਾ ਯਾਦ ਰੱਖਣ ਵਾਲੀ ਹੈ ਕਿ ਜਿਸ ਵੀ ਮਨੁੱਖ ਦੇ ਅੰਦਰ ਪਰਮਾਤਮਾ ਦੇ ਨਾਮ ਦਾ ਭਜਨ ਨਹੀਂ ਹੈ, ਉਸ ਮਨੁੱਖ ਨੇ ਆਪਣੀ ਜ਼ਿੰਦਗੀ ਵਿਅਰਥ ਹੀ ਗੁਆਈ ਹੈ।

ਜਾ ਮੈ ਭਜਨੁ ਰਾਮ ਕੋ ਨਾਹੀ ॥

ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥ ਰਹਾਉ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 831)

ਪਰਮਾਤਮਾ ਦੇ ਗੁਣ ਗਾਉਣ ਵਾਲਾ ਮਨੁੱਖ ਵੱਡੇ ਭਾਗਾਂ ਵਾਲਾ ਹੁੰਦਾ ਹੈ। ਕੀਰਤਨ ਰਾਹੀਂ ਮਨੁੱਖ ਦੇ ਅਨੇਕਾਂ

ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ ਤੇ ਮਨੁੱਖ ਬੈਕੁੰਠ ਵਿੱਚ ਪਹੁੰਚ ਜਾਂਦਾ ਹੈ।

ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ ॥

ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 901)

ਜੋ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਉਣਾ ਸ਼ੁਰੂ ਕਰ ਦਿੰਦਾ ਹੈ, ਉਹ ਸਾਰੇ ਹੀ ਧਾਰਮਿਕ ਕੰਮ ਕਰ ਲੈਂਦਾ ਹੈ। ਭਾਵ ਸਾਰੇ ਧਾਰਮਿਕ ਕੰਮਾਂ ਦਾ ਆਧਾਰ ਪਰਮਾਤਮਾ ਦਾ ਕੀਰਤਨ ਹੈ।

ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 901)

ਪਰਮਾਤਮਾ ਦਾ ਦਾਸ ਉਸਦੀ ਸ਼ਰਨ ਵਿੱਚ ਜਾ ਕੇ ਇਹ ਹੀ ਅਰਜ਼ੋਈ ਕਰਦਾ ਹੈ ਕਿ ਪਰਮਾਤਮਾ ਆਪਣੇ ਉਸ ਦਾਸ ਨੂੰ ਆਪਣਾ ਨਾਮ ਦੇਵੇ, ਤਾਂ ਕਿ ਉਹ ਪਰਮਾਤਮਾ ਦੇ ਗੁਣ ਗਾਉਂਦਾ ਰਹੇ ਤੇ ਉਹ ਵਿਕਾਰਾਂ ਦੇ ਪ੍ਰਭਾਵ ਤੋਂ ਵੀ ਨਿਰਲੇਪ ਰਹਿ ਸਕੇ।

ਜਨ ਨਾਨਕ ਹਰਿ ਕੀ ਸਰਨਾਇ ॥

ਦੀਜੈ ਨਾਮੁ ਰਹੈ ਗੁਨ ਗਾਇ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1108)

ਅਖ਼ੀਰਲੇ ਸਮੇਂ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਸਹਾਈ ਨਹੀਂ ਹੁੰਦਾ। ਇਸ ਲਈ ਉਸ ਪਰਮਾਤਮਾ ਦੇ ਗੁਣ ਗਾਉਣੇ ਜ਼ਰੂਰੀ ਹਨ, ਕਿਉਂਕਿ ਉਹ ਮਨੁੱਖ ਦਾ ਮੱਦਦਗਾਰ ਬਣਦਾ ਹੈ।

ਬਾਰ ਅੰਤ ਕੀ ਹੋਇ ਸਹਾਇ ॥

ਕਹੁ ਨਾਨਕ ਗੁਨ ਤਾ ਕੇ ਗਾਇ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1187)

ਪਰਮਾਤਮਾ ਦਾ ਭਜਨ ਕਰਕੇ ਉਸਨੂੰ ਉਸੇ ਪ੍ਰਕਾਰ ਆਪਣੀ ਜ਼ਿੰਦਗੀ ਦਾ ਆਸਰਾ ਬਣਾਉਣ ਲਈ ਕਿਹਾ ਗਿਆ ਹੈ, ਜਿਸ ਪ੍ਰਕਾਰ ਇੱਕ ਮੱਛਲੀ ਪਾਣੀ ਨੂੰ ਆਪਣੇ ਜੀਵਨ ਦਾ ਆਸਰਾ ਬਣਾ ਕੇ ਰੱਖਦੀ ਹੈ।

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1426)

ਪਰਮਾਤਮਾ ਦੇ ਨਾਮ ਦਾ ਭਜਨ ਕਰਨ ਦੇ ਨਾਲ ਜਮਾਂ ਦੀ ਫਾਹੀ ਵੀ ਗਲ ਵਿੱਚ ਨਹੀਂ ਪੈਂਦੀ। ਪਰਮਾਤਮਾ ਦੇ ਗੁਣਾਂ ਦੀ ਸਿਫ਼ਤ ਕਰਨੀ ਉਨ੍ਹਾਂ ਨੂੰ ਯਾਦ ਰੱਖਣਾ ਵੀ ਮਨੁੱਖੀ ਜੀਵਨ ਦਾ ਇੱਕ ਉਦੇਸ਼ ਸਵੀਕਾਰ ਕੀਤਾ ਗਿਆ ਹੈ। ਮਨੁੱਖਾ ਜਨਮ ਅਜਿਹਾ ਦੁਰਲੱਭ ਜਨਮ ਹੈ, ਜਿਸ ਵਿੱਚ ਜੇਕਰ ਪਰਮਾਤਮਾ ਦੇ ਗੁਣ ਨਾ ਗਾਏ ਜਾਣ, ਤਾਂ ਇਹ ਅਜਾਈਂ ਗੁਆਚ ਜਾਂਦਾ ਹੈ।

ਸਾਧੋ ਗੋਬਿੰਦ ਕੇ ਗੁਨ ਗਾਵਉ ॥

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥ ਰਹਾਉ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 219)

ਕੰਨਾਂ ਨਾਲ ਮਨੁੱਖ ਨੇ ਪਰਮਾਤਮਾ ਦੇ ਗੁਣ ਸੁਣਨੇ ਹਨ ਤੇ ਜੀਭ ਨਾਲ ਉਸਦੇ ਗੁਣ ਗਾਉਣੇ ਹਨ।

ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥ ਰਹਾਉ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 631)

ਗੁਰੂ ਜੀ ਨੇ ਮਨੁੱਖ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਹੈ ਕਿ ਮਨੁੱਖ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੀਤ ਕਿਉਂ ਨਹੀਂ ਗਾਉਂਦਾ। ਮਨੁੱਖ ਮਾਇਆ ਦੇ ਝੂਠੇ ਲਾਲਚ ਵਿੱਚ ਫ਼ਸ ਕੇ ਪਰਮਾਤਮਾ ਅਤੇ ਮੌਤ ਨੂੰ ਵੀ ਯਾਦ ਨਹੀਂ ਰੱਖਦਾ। ਲੇਕਿਨ ਜਿੰਨੀ ਮਰਜੀ ਉਮਰ ਬੀਤਣ ਤੋਂ ਬਾਅਦ ਵੀ ਪਰਮਾਤਮਾ ਦੇ ਗੁਣ ਗਾਉਣੇ ਸ਼ੁਰੂ ਕਰ ਦੇਵੇ ਤਾਂ ਵੀ ਕੋਈ ਨੁਕਸਾਨ ਨਹੀਂ ਹੁੰਦਾ। ਮਨੁੱਖ ਪਰਮਾਤਮਾ ਦੇ ਭਜਨ ਦੀ ਬਰਕਤ ਨਾਲ ਉੱਚ ਆਤਮਿਕ ਦਰਜਾ ਪ੍ਰਾਪਤ ਕਰ ਲੈਂਦਾ ਹੈ।

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥

ਝੂਠੇ ਲਾਲਚਿ ਲਗਿ ਕੈ ਨਹਿ ਮਰਨੁ ਪਛਾਨਾ ॥
ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 726)

ਪਰਮਾਤਮਾ ਦੀ ਸਿਫ਼ਤਿ ਸਾਲਾਹ ਮਨੁੱਖ ਦਾ ਅਸਲ ਸਾਥੀ ਹੈ, ਇਸ ਲਈ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਨਾ ਜਰੂਰੀ ਹੈ।

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 727)

ਜਿਨ੍ਹਾਂ ਨੇ ਵੀ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕੀਤੀ ਹੈ, ਪਰਮਾਤਮਾ ਉਨ੍ਹਾਂ ਲਈ ਮਦਦਗਾਰ ਹੋ ਕੇ ਬਹੁੜਦਾ ਹੈ।

ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1008)

ਜੀਵ ਨੂੰ ਵਾਰ-ਵਾਰ ਜੀਭ ਨਾਲ ਪਰਮਾਤਮਾ ਦੇ ਗੁਣਾਂ ਦਾ ਜਾਪ ਕਰਨ ਲਈ ਕਿਹਾ ਗਿਆ ਹੈ।

ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1427)

ਪਰਮਾਤਮਾ ਦੇ ਗੁਣ ਗਾਇਨ ਨਾਲ ਜੀਵ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕਦਾ ਹੈ।

ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 536)

ਗੁਰੂ ਸਾਹਿਬ ਨੇ ਭਗਤੀ ਤੋਂ ਬਿਨਾਂ ਮਨੁੱਖ ਦੀ ਸਥਿਤੀ ਉਸ ਪਾਣੀ ਵਿੱਚ ਰੱਖੇ ਹੋਏ ਪੱਥਰ ਵਰਗੀ ਦੱਸੀ ਹੈ, ਜਿਸ ਉੱਤੇ ਪਾਣੀ ਆਪਣਾ ਕੋਈ ਵੀ ਅਸਰ ਨਹੀਂ ਕਰ ਸਕਦਾ।

ਜੈਸੇ ਪਾਹਨੁ ਜਲ ਮਹਿ ਰਾਖਿ ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 831)

ਭਗਤੀ ਹੀਣ ਵਿਅਕਤੀ ਦੇ ਸਰੀਰ ਦੀ ਤੁਲਨਾ ਸੂਰ ਜਾ ਕੁੱਤੇ ਦੇ ਸਰੀਰ ਨਾਲ ਕੀਤੀ ਗਈ ਹੈ।

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1428)

ਇਸ ਤਰਾਂ ਅਸੀਂ ਏਹੀ ਕਹਿ ਸਕਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਵਾਰ-ਵਾਰ ਇਹੀ ਪ੍ਰੇਰਨਾ ਹੈ ਕਿ ਪਰਮਾਤਮਾ ਦੇ ਨਾਮ ਨੂੰ ਭਜਣਾ, ਗਾਉਣਾ ਜਾਂ ਕੀਰਤਨ ਕਰਨਾ ਹੈ ਕਿਉਂਕਿ ਪਰਮਾਤਮਾ ਦੀ ਭਗਤੀ ਹੀ ਹੈ, ਜੋ ਮਨੁੱਖ ਦੇ ਸਦਾ ਨਾਲ ਰਹਿੰਦੀ ਹੈ।

*ਖੋਜ ਵਿਦਿਆਰਥਣ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ।

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# संगीत के चिकित्सकीय आयाम

## सरबजीत सिंह

संगीत मानव भावनाओं की अभिव्यंजना का सशक्त एवं सुन्दरतम साधन है! यह निश्चय ही आत्मा की लयबद्ध, तालयुक्त, संवेदनशील व भावुकतापूर्ण वह मधुरवाणी है, जो व्यक्ति विशेष के चेतन मन के मनोभावों को अभिव्यक्त कराता है। जीवन के प्रत्येक क्षण के साथ संगीत जुड़ा हुआ है। संगीत के माध्यम से मनुष्य की दुर्बल मानसिकता को बदल कर शक्तिशाली बनाने, प्रेम, करूण, दया एवं साहस जैसे श्रेष्ठ गुणों को उत्पन्न करने की असीम शक्ति है।

संगीत की ध्वनि की सकारात्मक प्रभावी प्रतिक्रिया सीधे मस्तिष्क में होती है। जिससे शरीर के भीतर का समस्त विषाक्त पदार्थ उत्तेजित होकर सातों निसर्ग मार्ग से बाहर निकल जातें हैं और तुरन्त आरोग्य लाभ होता है। आधुनिक समय में इसे 'संगीत चिकित्सा अथवा 'Music Therapy' कहा जाता है। जिसका अर्थ इस प्रकार बताया जाता है विभिन्न विपरीत तथा विकृत परिस्थितियों में ध्वनि अथवा स्वरों के प्रभाव द्वारा उत्पन्न शारीरिक क्रियाओं का परिवर्तन ही ''संगीत चिकित्सा प्रणाली अथवा म्युज़िक थेरेपी है। संगीत की महिमा अपार है। संगीत में मनुष्य के हृदय को छू लेने की एक अपार शक्ति विद्यमान है तथा मनुष्य के हृदय में तरह–तरह की उठने वाली भावनाओं को वश में करके प्रभु–भक्ति की तरफ प्रेरित करती है और शरीर में संतुलन बनाती है। विभिन्न शोध–अध्ययनों के अनुसार विभिन्न स्रोतों से उत्पन्न होने वाली ध्वनि तरंगों को कान ग्रहण करते हैं। वहां से ये तरंगे, संवेदी तंत्रिकाओं द्वारा दिमाग के मध्य भाग की संरचना द्वारा दिमाग के अन्य भाग में पहुंचती है। दिमाग का दाहिनी गोलार्द्ध संगीत आदि रचनात्मक कलाओं को तीव्रता से ग्रहण करता है इस सम्बन्ध में एक विशेष बात जान लेना अत्यावश्यक है कि संगीत के माध्यम से उपचार काफी हद तक दिमाग की ग्रहण शक्ति पर निर्भर करता है। इस विषय से संबंधित कुछ शोधों से यह तथ्य भी सामने आया है कि संगीत की रोग चिकित्सा में यही भूमिका हो सकती है जो ध्यान आदि यौगिक प्रक्रियाओं की होती है।

संगीत का उपयोग चिकित्सा के रूप में अतिप्रचीन काल से ही किया जा रहा है। संगीत के इतिहास का अध्ययन करने पर हमें यह ज्ञात होता है कि संगीत में निहित चिकित्सकीय एवं उपचारीय प्रभाव को मनुष्य ने काफी पहले ही जान लिया था तथा संगीत का उपयोग रोगों के उपचार हेतु करना आरम्भ कर दिया था!

मध्यकाल में जहां संगीत के स्तर में सुधार आया वहीं कई सांगीतिक विद्वान भी

हुए जिन्होनें अपने संगीत की वजह से चमत्कारिक तथा चिकित्सकीय प्रभाव उत्पन्न किए।

इसके पश्चात् जैसे–जैसे संगीत ने आधुनिक काल में प्रवेश किया संगीत पर वैज्ञानिक अनुसंधान तथा प्रयोग होने लगें। इसके अतिरिक्त संगीत की उपचारीय क्षमता की भी खोज होने लगी तथा उसके लिए शोधकार्य एवं प्रयोग किए जाने लगे!

आज हम यदि संगीत के वर्तमान पर दृष्टि डालें तो हम पातें हैं कि संगीत के प्रभाव आदि को ज्ञात करने के लिए बहुत से अनुसंधान किए जा चुके हैं तथा अभी भी किए जा रहे हैं। विशेषकर संगीत में निहित रोग उपचारिक क्षमता को जानने हेतु वैज्ञानिकों का ध्यान पिछले 200–300 वर्ष पूर्व से ही आकर्षित हुआ तथा कई अनुसंधान भी किए गए हैं! हमारे भारतवर्ष में भी संगीत चिकित्सा को जानने हेतु कई अनुसंधान किए जा रहे हैं तथा संगीत द्वारा चिकित्सा किए जाने के भी कई उदाहरण हमें प्राप्त होते हैं! विदेशों में तो संगीत चिकित्सा हमारे देश की अपेक्षा अधिक प्रसिद्ध है एवं वहां संगीत चिकित्सा पद्धति को अन्य चिकित्सा पद्धतियों के बराबर का स्तर भी प्राप्त है! जिस तरह से संगीत चिकित्सा के विषय में हमें प्राचीन काल से एतिहासिक उदाहरण प्राप्त होते हैं इसी प्रकार हमें विदेशों में भी संगीत का उपयोग चिकित्सा के रूप में किए जाने के उदाहरण बहुत प्राचीन काल से प्राप्त होते हैं, जिससे यह ज्ञात होता है कि न केवल भारतीय बल्कि गैर भारतीय संगीत ने भी इतनी उन्नति कर ली थी कि उसका उपयोग चिकित्सा के रूप में किया जाने लगा था। अन्य देशों की तरह ही पश्चिम जर्मनी में संगीत चिकित्सा का इतिहास काफी प्राचीन माना जाता है! वहां प्राप्त एक वाद्य यत्रं पर अंकित है कि किसी भी प्रकार के दुख दर्द को मिटाने में जब सभी प्रकार की औषधियां असफल हो जाती है तो संगीत उपचार ही काम आता है!

इस प्रकार संगीत की उन्नति के साथ–साथ ताल वाद्यों तथा अन्य तत्रं वाद्यों तथा अन्य तत्रं वाद्यों का भी आविष्कार हुआ! जिसके फलस्वरूप इन वाद्यों का उपयोग गीतों के सहयोगी रूप में या फिर एकल रूप में चिकित्सा हेतु प्रयोग किया जाने लगा! यह वाद्य संगीत भी इतना ही प्रभावी था जितना कि गीत गायन! इस तरह संगीत की यह वादन शाखा भी चिकित्सा मे उतनी ही महत्व रखती है तथा प्रभावी सिद्ध हुई है!

संगीत की तीसरी शाखा नृत्य चिकित्सा में कुछ कम प्रभावी सिद्ध नहीं हुई है। वैसे तो हमारी मान्यताओं के अनुसार गायन, वादन और नृत्य तीनों का उद्‌गम देवताओं से एवं एक साथ ही माना जाता है एवं स्वास्थ्य की दृष्टि से भी नृत्य कुछ कम महत्वपूर्ण नहीं हैं क्योंकि इससे सम्पूर्ण शरीर का व्यायाम होता है! यदि हम इतिहास का अध्ययन करें तो हम पातें हैं कि नृत्य भी चिकित्सा के रूप में प्रचीन काल से प्रयुक्त होता आया है! इस तरह संगीत को प्रचीन काल से ही प्रयोग में लाया जा रहा है!

प्राचीन ऋषियों–मुनियों ने भी रोगियों की चिकित्सा के लिए संगीत की उपयोगिता का महत्व स्वीकार किया है! वह अपने संगीत के द्वारा बीमारियों को ठीक किया करते थे और अपने शिष्यों को गला, जुकाम, सिरदर्द, पेट दर्द, कमर दर्द, छाती दर्द आदि रोग होने पर अनको इस तरह से रियाज़ का तरीका बताते थे जिससे रोग दूर हो जाता था! यहां तक जो विद्यार्थियों को तोतलापन की आदत थी उन्हें निश्चित सरगम

तथा अनोखे स्वर लगाव द्वारा इसका भी समाधान किया जाता था। गायन, वादन, और नृत्य के समावेश से संगीत बना है तथा संगीत की हर शाखा चिकित्सा में उपयोग की जाती है! शास्त्रीय संगीत में गायन में राग भारतीय संगीत की बुनियाद है तथा इसका महत्वपूर्ण स्थान है! शोध के अनुसार अध्ययन किया गया है कि राग रोगों को मिटाने व नाश करने की क्षमता रखता है तथा अनेक रागों के गायन या वादन से रोगों को नाश करने की क्षमता होती है जैसे–राग अहीर भैरव–नर्वस ब्रेकडाउन, राग श्री, केदार, श्याम कल्याण–दमा, राग पूरिया–खून की कमी, राग मेघ मल्हार–चर्म रोग आदि।

संगीत की ध्वनि की सकारात्मक प्रभावी प्रतिक्रिया सीधे मस्तिष्क में होती है। जिससे शरीर के भीतर का समस्त विषाक्त पदार्थ उत्तेजित होकर सातों विसर्ग मार्ग से बाहर निकल जाते हैं और तुरन्त आरोग्य लाभ होता है।

व्यस्त दिनचर्या एवं जीवन की समस्याओं में आज का मानव अपनी मानसिक शान्ति खो बैठा है और इस मानसिक अशान्ति और अनेकानेक चिन्ताओं से ग्रस्त मानव मानसिक और शारिरिक रूप से अस्वथ्य होता जा रहा है। मानसिक अशान्ति एवं अस्थिरता के कारण उत्पन्न तनाव ने विश्व के मानव समुदाय को अनेक शारिरिक व्याधियों से ग्रसित कर रखा है और ये स्थिति दिनोदिन भयानक रूप धारण करती जा रही है। जिससे मानव जीवन असहज, असन्तुलित तथा अस्वस्थ्य होता जा रहा है। हालांकि आधुनिक चिकित्सा प्रणाली और आधुनिक औषधियां तकनीकी रूप से तो बहुत उन्नत प्रतीत होती हैं और ये रोग का नियन्त्रण भी कर रही है। परन्तु रोगों को जड़ से मिटाने में अक्षम है। साथ ही ये शरीर पर अपने कुप्रभाव एवं भयंकर अतिरिक्त प्रभाव भी उत्पन्न करती है। स्वस्थ्य रहने के लिए शरीर का तनाव मुक्त रहना अत्यन्त आवश्यक है। जब तक हमारी शारिरिक और मानसिक स्थिति तनाव मुक्त नहीं रहती, तब तक हमारा पूर्ण रूप से स्वस्थ्य रहना असम्भव है और तनाव से मुक्ति मिलने का एक ही सहज व सरल उपाय है। प्राप्त प्रयोग निष्कर्ष यह दर्शाते हैं कि संगीत में उपचार करने की शक्ति है। रोग चाहे शारिरिक हो या मानसिक, संगीत उसे ठीक करने में सक्षम है।


## POSITIVE THINKING

- The Past may be good, but you can't focus on it forever. You have to focus on what's coming to you and make it better than the past.
- God didn't promise days without pain, laughter without sorrow, sun without rain, but He did promise strength for the day, comfort for the tears, and light for the way."
- Positive thinking is more than just a state of mind, it is the way, we embrace life.
- Just because something isn't happening for you right now, doesn't mean that it will never happen

*With best Compliments from a Well Wisher*

# ROLE OF WOMEN IN USHERING A WORLD WITHOUT WAR

**Harinder Durga**

Humanity today stands at the brink of extinction. There are thousands of nuclear weapons on the ground up in the air and possibly in space and in the depths of oceans. All ready to annihilate all life. We have gone beyond the stage of MAD (Mutually assured destruction). The war can be started by design, by some megelo maniac or by sheer accident. The net result will be the same- millions of dead and dying and unliveable planet where even the air and water will be polluted and unfit for consumption. Billions of dollars are being spent by superpowers in increasing their nuclear arsenals and millions by even the countries of underdeveloped or developing world on armaments. Even an insignificant 1% of this expenditure on or on armaments of diverted towards development could make a difference of life and death in poor countries. In the wake of such a situation in the world are we going to sit calm in the warmth of our homes and hearth and allow the world to perish before our own eyes. My address is towards the silent majority who are possible onlooker- aware of the dangers that loom large because of the military culture that has flown into our achievements. Women form 50% or may be more of the world population and the role of peace and harmony with the spiritual content lies more in the province of womenfolk, who can nurse the deceased, help the needy and remove the tension which cause conflicts in the society. Her instinctive sense of oneness, the tendency to grasp a thing in its totality, not to analyze and dissect but rather by hold on the living reality makes her a powerful influence in overcoming of divisions and dichotomies. She is very close to life and to being, keenly alive of the persons and their needs, frequently gifted with a shrewd insight into basic unities which many-a-time escapes the male mind. The women on the whole unites and integrates.

One wonders why so much of unrest and confusion is found in the world despite the existence of mothers, sisters, daughters, women endowed with all the

desirable qualities and attributes. The main reason is women power has all along been limited within the four wall of home and family. The place of women in society and even in women own mind has been considered secondary traditionally. It is more so in the east. We should always remember great Guru's Words :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

So why call her bad? From her, kings are born.

Unless the women's inferiority complex is removed the women power would not be able to play its rightful role. My suggestion has no clash with our brethren on the contrary my sisters should address themselves as to are they contributing enough towards the betterment of and development of the society? We owe it back to society from which we take so much. You have the capacity to turn this plant into a 'Heaven on earth'.Gandhi ji has very aptly said that the day women are awakened the whole nation will be awakened too. There seems to be a great scope for women to exercise their specific power of insight, patient understanding and reconciliation not only in the home circle, but at local national and international levels. It is my purpose to give a clarion call to women to come forward and give lead to our menfolk in the movement of peace and usher in a 'World without War'

**Mrs. Harinder Durga, # 1169, Sector 15-B, Chandigarh, M : 9814099355**

Hot millions ®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/-)

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਸੁਰ ਲਿਪੀ

ਡਾ. ਗੁਰਨਾਮ ਸਿੰਘ

ਥਾਟ : ਕਲਿਆਣ, ਜਾਤੀ : ਸੰਪੂਰਣ, ਸਮਾਂ ਰਾਤ ਦਾ ਪਹਿਲਾ ਪਹਿਰ
ਵਾਦੀ : ਗੰਧਾਰ, ਸੰਵਾਦੀ : ਨਿਸ਼ਾਦ
ਆਰੋਹ : ਨ਼ ਰ ਗ, ਮ' ਪ, ਮ' ਧ ਨ ਸਂ
ਅਵਰੋਹ : ਸਂ ਨ ਧ ਪ, ਮ' ਗ, ਰ ਨ਼ ਰ ਸ
ਪਕੜ : ਨ਼ ਰ ਗ ਗ ਰ ਗ ਮ' ਪ ਰ ਨ਼ ਰ ਸ,
ਸੁਰ : ਮਧਿਅਮ ਤੀਬਰ, ਬਾਕੀ ਸਾਰੇ ਸ਼ੁੱਧ

ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | ਨ਼ | ਧ਼ | ਨ਼ | ਰ | ਗਮ' | ਪ | – | ਰ | ਗ | ਰ |
| | | | | | | ਪ੍ਰ | ਭ | ਕੀ | S | ਜੈS | S | S | ਕ੍ਰਿ | ਪਾ | ਨਿ |
| ਸ | – | – | ਨ਼ | ਸ | – | ਮ' | ਮ' | ਮ' | ਧ | ਨ | ਧ | ਨ | ਧ | ਪ | – |
| ਧਾ | S | S | S | ਨ | S | ਹ | ਮ | ਹ | ਰਿ | ਗੁ | ਨ | ਗਾ | S | ਵਹ | S |
| ਪ | – | ਰ | ਰ | ਗ | – | – | – | ਗ | ਗਗ | ਗ | ਗ | ਮ' | ਮ' | ਧ | ਧ |
| ਗੇ | S | S | S | S | S | S | S | ਹਉ | ਤੁਮ | ਰੀ | ਕ | ਰਉ | S | ਨਿ | ਤ |
| ਮ'ਧ | ਨਸਂ | – | ਨ | ਸਂ | – | – | – | ਸਂ | ਨ | ਧ | ਪ | (ਪ) | ਪ | ਮ' | ਗ |
| ਆS | SS | S | S | ਸ | S | S | S | ਪ੍ਰ | ਭ | ਮੋ | ਹਿ | ਕ | ਬ | ਗ | ਲਿ |
| ਰ | – | ਗਮ' | ਪ | ਰ | – | | | | | | | | | | |
| ਲਾ | S | ਵਹਿ | S | ਗੇ | S | | | | | | | | | | |
| | | | | | | | | – | ਗ | ਗ | ਗ | ਮ' | ਮ' | ਧ | ਧ |
| | | | | | | | | S | ਜੋ | ਹ | ਰਿ | ਸੁਆ | ਮੀ | ਤੁ | ਮ |
| ਮ'ਧ | ਨਸਂ | – | ਨ | ਸਂ | – | – | – | ਨ | ਰਂ | ਗਂ | ਰਂ | ਨ | ਰਂ | ਸਂ | ਸਂ |
| ਦੇS | SS | S | S | ਹੋ | S | S | S | ਸੋ | ਈ | ਹ | ਮ | ਪਾ | S | ਵਹਿ | S |
| ਸਂ | ਸਂ | ਨ | ਨ | ਧ | ਧ | ਪ | ਪ | – | ਪ | ਪ | ਪ | ਪ | ਮ' | ਗ | ਰ |
| ਗੇ | S | S | S | S | S | S | S | S | ਮੋਹਿ | ਦੂ | ਜੀ | ਨਾ | S | ਹੀ | S |
| ਗ | – | ਪ | ਮ' | ਗ | ਗ | ਸ | – | ਮ' | ਧ | ਨ | ਧ | ਨ | ਧ | ਪ | – |
| ਠਉ | S | S | S | S | S | ਰ | S | ਜਿਸੁ | ਪਹਿ | ਹ | ਮ | ਜਾ | S | ਵਹਿ | S |
| ਸਂ | ਨ | ਧ | ਪ | ਮ' | ਗ | | | | | | | | | | |
| ਗੇ | S | S | S | S | S | | | | | | | | | | |

ਸਰ, ਸਨ, ਧਪ, ਮ'ਪ ਧਪ, ਮਗ, ਰਸ, ਨ਼ ਧ਼

ਪ੍ਰੋ: ਅਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਿਆਨ ਮਹਲਾ ੪ ॥
Kalyaan, Fourth Mehl:

ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥
O God, Treasure of Mercy, please bless me, that I may sing the Glorious Praises of the Lord.

ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ ਰਹਾਉ ॥
I always place my hopes in You; O God, when will you take me in Your Embrace? ||1||Pause||

ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥
I am a foolish and ignorant child; Father, please teach me!

ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ ॥੧॥
Your child makes mistakes again and again, but still, You are pleased with him, O Father of the Universe. ||1||

ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ ॥
Whatever You give me, O my Lord and Master - that is what I receive.

ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ ॥੨॥
There is no other place where I can go. ||2||

ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥
Those devotees who are pleasing to the Lord - the Lord is pleasing to them.

ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥੩॥
Their light merges into the Light; the lights are merged and blended together. ||3||

ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥
The Lord Himself has shown mercy; He lovingly attunes me to Himself.

ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥੪॥੬॥
Servant Nanak seeks the Sanctuary of the Door of the Lord, who protects his honor. ||4||6||

Postal Regd. No. G/CHD /0045/2012-14 RNI Regd. No. 46788/89 ISSN 0972-2335

ੴ

## ਸਭ ਬਿਧਿ ਤੁਮ ਹੀ ਜਾਨਤੇ

**Sabh Bidh Tum hi Janate**

ਗੁਰਬਾਣੀ ਕੀਰਤਨ

**ਡਾ. ਜਾਗੀਰ ਸਿੰਘ, ਚੰਡੀਗੜ੍ਹ**

- ਸਭ ਬਿਧਿ ਤੁਮ ਹੀ ਜਾਨਤੇ
- ਤੈ ਸਾਹਿਬ ਕੀ ਮੈਂ ਸਾਰ ਨਾ ਜਾਨੀ
- ਮੇਰੇ ਸਾਹਾ ਮੈਂ ਹਰਿ ਦਰਸਨ ਸੁਖੁ ਹੋਇ
- ਮੇਰਾ ਮਨੁ ਲਾਗਾ ਹੈ ਰਾਮ ਪਿਆਰੇ

**- Sabh Bidh Tum hi Janate - Tai Sahib Ki Main Sar Na jani**

**- Mere Saha Main Har Darsan Sukh Hoe - Mera Mann Laga Hai Ram Piare**

**DR. JAGIR SINGH**

# 422, Sector 15-A, Chandigarh

Ph : 0172-2772660, 098140 53630

e-mail : drjagirsingh@gmail.com

www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈਸ

ਮੋਬਾਇਲ ਨੰ: 09814053630

ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015

ਮੋਬਾਇਲ : 09814053630

**E-mail : drjagirsingh@gmail.com Website : www.amritkirtan.com**